ਮਾਸਕ ੴ ਪੱਤਰ

ੴ ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

ਗੁਰਦਵਾਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ

OCT 1991



ਅਕਤੂਬਰ ੧੯੯੧

ਇਥੇ ਸਾਲਾਨਾ ਅਖੰਡ ਕੀਰਤਨ 17-10 ਸਵੇਰ ਨੂੰ ਅਤੇ 19-10 ਨੂੰ ਰੈਣ ਸਬਾਈ ਹੋ ਰਹੇ ਹਨ।

www.AKJ.Org

# ਤਤਕਰਾ


| | | |
|---|---|---|
| ਕਤਿਕਿ ਹੋਵੈ ਸਾਧ ਸੰਗਿ | ੩ | ਬਾਰਹਮਾਹਾ ਮਾਝ ਮਹਲਾ ੫ |
| ,, ,, ਅਰਥ-ਵਿਆਖਿਆ | ੪ | — |
| ਨਾਮ ਜਪਣਾ ਹੀ ਸੱਚੀ ਬਿਬੇਕ-ਵਿਚਾਰ ਹੈ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅੰਮ੍ਰਿਤ ਦੀ ਲੋੜ ਕਿਉਂ ? | ੯ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਗੁਰਬਾਣੀ ਵਿਚ 'ਸ਼ਬਦ' ਦਾ ਸੰਕਲਪ | ੧੦ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵ ਲੇ ਗੁਰਮੁਖਾਂ ਪ੍ਰਤੀ ਬੇਨਤੀ | ੧੭ | ਜਥੇਦਾਰ, ਅਖੰਡ ਕੀਰਤਨੀ ਜਥਾ |
| ਚੰਚਲ ਮਨ ਦੀ ਸਥਿਰਤਾ | ੧੮ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸੇਈ ਗੁਰਮੁਖਿ ਪਿਆਰੇ ਮੇਲਿ (੩) | ੨੩ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕੌਣ ਹੈ ਐਸਾ ? | ੨੪ | — |
| ਸਾਈਂ ਦੇ ਪਿਆਰੇ (ਕਵਿਤਾ) | ੨੫ | ਸ: ਅਤਰ ਸਿੰਘ ਜੀ ਨੀਰ |
| ਰਹਿਤਵਾਨ ਸਿੰਘ ਦੀ ਮਹਾਨਤਾ (,,) | ੨੬ | ਸ: ਸੰਤਾ ਸਿੰਘ ਜੀ ਆਜਿਜ਼ |
| (ਗੁਰਮੁਖ) ਕਦੇ ਡੋਲਦਾ ਨਹੀਂ (,,) | ੨੬ | ਸ: ਸੁਰਜੀਤ ਸਿੰਘ ਜੀ ਸਾਜਨ |
| ਸਾਵਧਾਨ ਹੋ ਸਿਖ ਸਰਦਾਰਾ (,,) | ੨੭ | ਸ: ਰਾਜਿੰਦਰ ਸਿੰਘ ਜੀ ਵਿਦਿਆਰਥੀ |
| ਰਗ 'ਸਾਹਿਬ ਸ੍ਰੀ' ਦਾ (,,) | ੨੯ | ਡਾ: ਹਰਦਿਆਲ ਸਿੰਘ ਜੀ ਬੈਂਸ |
| ਪੰਡਤ ਮਾਨ ਸਿਘ ਜੀ ਸ਼ਾਸਤ੍ਰੀ | ੩੦ | ਭਾ: ਸਾ: ਭਾਈ ਰਣਧੀਰ ਸਿੰਘ ਜੀ. |
| ਜੀਵਨ ਗੁਰੂ ਰਾਮ ਦਾਸ ਜੀ ਇਕ ਨਜ਼ਰੇ | ੩੨ | — |
| ਨਿਜ-ਬੀਤੀਆਂ ਗੁਰੂ ਰਾਮ ਦਾਸ ਜੀ ਦੀ ਬਾਣੀ ਵਿਚ | ੩੩ | — |
| ਭੂਰਿਆਂ ਵਾਲੇ ਰਾਜੇ ਕੀਤੇ (੧੯) | ੩੬ | ਕੈਪਟਿਨ ਸਵਰਨ ਸਿੰਘ ਜੀ |
| ਹਸੰਦਿਆਂ ਖੇਲੰਦਿਆ | ੪੦ | 'ਗੁਰਮਤਿ ਗੌਰਵਤਾ' ਚੋਂ |


| | | | |
|---|---|---|---|
| ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤਿ | ੩ ਅਕਤੂਬਰ | ਸ੍ਰੀ ਗੁਰੂ ਰਾਮਦਾਸ ਜੀ ਅਵਤਾਰ | ੨੫ ਅਕਤੂਬਰ |
| ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਿਆਈ | ੩੧ ਅਕਤੂਬਰ | ਸ੍ਰੀ ਗੁਰੂ ਹਰਿ ਰਾਇ ਜੀ ਜੋਤੀ ਜੋਤਿ | ੩੧ ਅਕਤੂਬਰ |

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ ਮੈਂਬਰ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ —ਪ੍ਰੋ: ਜੋਗਾ ਸਿੰਘ ਜੀ, ੬੬-ਸਟਾਫ ਕਾਲੋਨੀ, ਗੁਰੂ ਨਾਨਕ ਇੰਜੀਨੀਰਿੰਗ ਕਾਲਜ
੨. ਲੁਧਿਆਣਾ —ਭਾਈ ਮੋਹਕਮ ਸਿੰਘ ਜੀ. 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੩. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ. ਸਰਹੰਦ ਰੋਡ
੪. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੫ ਹੁਸ਼ਿਆਰਪੁਰ – ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੬. ਚੰਡੀਗੜ੍ਹ ਤੇ ਮੋਹਾਲੀ —ਭਾਈ ਫੋਜਿੰਦਰ ਸਿੰਘ ਜੀ, ੫੩੨/੩–ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੭. ਜ਼ਿਲਾ ਸੰਗਰੂਰ –ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ. ਭਾਈ ਤਰਲੋਚਨ ਸਿੰਘ ਜੀ
੮. ਫ਼ਰੀਦਾਬਾਦ ਟਾਊਨ (ਹਰਿਆਣਾ) – ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)
੯. ਦਿੱਲੀ —ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੧੦. ਸਾਰੇ ਸਮਾਗਮਾਂ ਸਮੇਂ —ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼. ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 45737 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ ਅਜੀਤ ਨਗਰ, ਅੰਮ੍ਰਿਤਸਰ ਤੋਂ ੧-੧੦-੯੧ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)

**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੫੦-੦੦ |
| ਹਵਾਈ ਡਾਕ | ੧੫੦-੦੦ |

Foreign Subscription

| | |
|---|---|
| Sea Mail | 50-00 |
| Air Mail | 150-00 |

**ਅਮਾਨਤੀ ਲਾਈਫ ਮੈਂਬਰ**

| | |
|---|---|
| ਦੇਸ | ੨੦੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੫੦੦-੦੦ |
| ਹਵਾਈ ਡਾਕ | ੧੫੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੫ | ਅਕਤੂਬਰ ੧੯੯੧ | ਅੰਕ ੧੦


## ਕਤਿਕਿ ਹੋਵੈ ਸਾਧ ਸੰਗੁ

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥
ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥੯॥

ਬਾਰਹਮਾਹਾ ਮਾਝ ਮਹਲਾ ੫ ਘਰੁ ੪




www.AKJ.Org

# ਕਤਕ ਮਹੀਨੇ ਦੀ ਅਰਥ-ਵਿਆਖਿਆ

**ਪਦ ਅਰਥ**–ਕਤਿਕਿ–ਕਤਕ ਮਹੀਨੇ ਵਿਚ। ਕਾਹੂ ਜੋਗੁ–ਕਿਸੇ ਪ੍ਰਤੀ। ਵਿਆਪਨਿ–ਵਾਪਰਦੇ, ਲਗਦੇ ਹਨ। ਜਨਮ ਵਿਜੋਗ–ਜਨਮਾਂ ਜਨਮਾਂਤਰਾਂ ਦੇ ਵਿਛੋੜੇ। ਮਾਇਆ ਭੋਗ–ਮਾਇਆ ਦੇ ਮੌਜ ਮੇਲੇ। ਵਿਚੁ–ਵਿਚੋਲਗੀ। ਕਿਸ ਥੈ ਰੋਵਹਿ–ਕਿਸ ਪਾਸ ਜਾ ਕੇ ਰੋਣਾ ਕਰਨ, ਫਰਿਆਦ ਕਰਨ। ਕੀਤਾ–ਆਪਣਾ ਕੀਤਾ। ਧੁਰਿ–ਧੁਰ ਦਰਗਾਹ ਤੋਂ। ਵਡਭਾਗੀ–ਵਡੇ ਭਾਗਾਂ ਨਾਲ। ਉਤਰਹਿ–ਉਤਰ ਜਾਂਦੇ ਹਨ। ਸਭਿ ਬਿਓਗ–ਸਾਰੇ, ਵਿਛੋੜੇ ਦੇ ਦੁਖ। ਪ੍ਰਭ–ਹੇ ਪ੍ਰਭੂ! ਬੰਦੀ ਮੋਚ–ਹੇ ਬੰਧਨ ਕਟਣ ਵਾਲੇ, ਹੇ ਬੰਦੀ ਛੋੜ ਪ੍ਰਭੂ! ਬਿਨਸਹਿ–ਨਾਸ ਹੋ ਜਾਂਦੇ ਹਨ। ਸੋਚ–ਫ਼ਿਕਰ।

**ਅਰਥ**:–ਕਤਕ ਮਹੀਨੇ ਵਿਚ (ਆਪਣੇ ਕੀਤੇ) ਕਰਮਾਂ ਦੇ ਕਮਾਵਣ ਅਨੁਸਾਰ ਹੀ (ਪ੍ਰਾਣੀ ਨੂੰ ਫਲ ਭੁਗਤਣਾ ਪੈਂਦਾ ਹੈ), (ਇਸ ਵਿਚ) ਕਿਸੇ ਪ੍ਰਤੀ ਦੋਸ਼ ਨਹੀਂ ਦਿਤਾ ਜਾ ਸਕਦਾ। ਪਰਮੇਸ਼ਰ-ਪ੍ਰਭੂ ਦਾ ਨਾਮ ਵਿਸਾਰਿਆਂ ਸਾਰੇ ਦੁਖ-ਕਲੇਸ਼ ਆ ਚੰਬੜਦੇ ਹਨ। ਜਿਹੜੇ ਪ੍ਰਾਣੀ ਰਾਮ ਨਾਮ ਵਲੋਂ, ਭਾਵ, ਪ੍ਰਭੂ ਦੀ ਯਾਦ ਵਲੋਂ ਬੇਮੁਖ ਹੁੰਦੇ ਹਨ ਉਨ੍ਹਾਂ ਨੂੰ ਜਨਮਾਂ ਜਨਮਾਂਤਰਾਂ ਦੇ ਵਿਛੋੜੇ ਪੈ ਜਾਂਦੇ ਹਨ ਅਤੇ ਜਿਤਨੇ ਮਾਇਆ ਦੇ ਮੌਜ-ਮੇਲੇ ਹੁੰਦੇ ਹਨ, ਉਹ ਸਾਰੇ ਵੀ ਇਕ ਖਿਨ ਵਿਚ ਦੁਖਦਾਈ ਹੋ ਜਾਂਦੇ ਹਨ। (ਅਜਿਹੀ ਦਸ਼ਾ ਵਿਚ ਐਸੇ ਪ੍ਰਾਣੀਆਂ ਦੀ) ਕੋਈ ਵਿਚੋਲਗੀ ਨਹੀਂ ਕਰ ਸਕਦਾ ਅਤੇ ਨਿਤ (ਕੀਤੇ ਕਰਮਾਂ ਕਰਕੇ ਫਲ ਭੁਗਤਣ ਤੋਂ ਛੁਟਕਾਰਾ ਪਾਉਣ ਲਈ) ਕਿਸ ਪਾਸ ਜਾ ਕੇ ਪੁਕਾਰ ਕਰਨ। ਪ੍ਰਾਣੀ ਦਾ ਆਪਣਾ ਕੀਤਾ ਕੋਈ ਉਪਾਵ ਕੁਝ ਨਹੀਂ ਸੁਆਰ ਸਕਦਾ, ਧੁਰ ਦਰਗਾਹ ਤੋਂ ਲਿਖੇ ਲੇਖਾਂ ਅਨੁਸਾਰ ਹੀ (ਕੀਤੇ ਕਰਮਾਂ ਦਾ ਫਲ ਭੁਗਤਣਾ ਪੈਂਦਾ ਹੈ)! (ਹਾਂ, ਜੇ) ਵਡੇ ਭਾਗਾਂ ਨਾਲ ਪ੍ਰਭੂ-ਪਿਆਰਾ ਆ ਮਿਲੇ ਤਾਂ (ਜਨਮਾਂ ਜਨਮਾਂਤਰਾਂ ਦੇ) ਸਾਰੇ ਵਿਛੋੜੇ ਮਿਟ ਜਾਂਦੇ ਹਨ।

(ਗੁਰੂ ਪਾਤਸ਼ਾਹ ਜੋਦੜੀ ਕਰਦੇ ਹਨ ਕਿ) ਹੇ ਪ੍ਰਭੂ! ਹੇ ਬੰਧਨ ਕਟਣ ਵਾਲੇ ਸਾਹਿਬ! ਮੈਨੂੰ ਨਾਨਕ ਨੂੰ (ਇਨ੍ਹਾਂ ਕਰਮਾਂ ਦੇ ਲੇਖਿਆਂ ਤੋਂ) ਬਚਾਅ ਲੈ।

(ਅੰਤ ਵਿਚ ਛੁਟਕਾਰੇ ਦਾ ਸਾਧਨ ਦਸਦੇ ਹਨ ਕਿ) ਜੇ ਕਤਕ ਮਹੀਨੇ ਵਿਚ ਸਾਧੂ-ਸਤਿਗੁਰੂ ਦਾ ਸੰਗ ਪ੍ਰਾਪਤ ਰਵ੍ਹੇ ਤਾਂ ਸਾਰੇ ਚਿੰਤਾ ਫ਼ਿਕਰ ਮਿਟ ਜਾਂਦੇ ਹਨ।

**ਵਿਆਖਿਆ**–ਕਤਕ ਮਹੀਨੇ ਦੀ ਮਿਠੀ ਰੁਤ ਦੁਆਰਾ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਮਨੁਖ ਜਿਹੋ ਜਿਹੇ ਕਰਮ ਕਮਾਂਦਾ ਹੈ ਉਹੋ ਜਿਹਾ ਫਲ ਉਸ ਨੂੰ ਭੁਗਤਣਾ ਪੈਂਦਾ ਹੈ। ਮਾੜੇ ਕਰਮ ਕੀਤਿਆਂ ਮਾੜਾ ਫਲ ਹੀ ਮਿਲਣਾ ਹੈ। ਕਈ ਤਰ੍ਹਾਂ ਦੇ ਜੋ ਦੁਖ-ਰੋਗ ਚੰਬੜਦੇ ਹਨ, ਉਸ ਵਿਚ ਕਿਸੇ ਦੂਜੇ ਦਾ ਕੋਈ ਦੋਸ਼ ਨਹੀਂ ਹੁੰਦਾ, ਕਿਉਂਕਿ ਇਹ ਦੁਖ-ਤਕਲੀਫ਼ਾਂ ਆਪਣੇ ਕੀਤੇ ਕਰਮਾਂ ਦਾ ਫਲ ਹੀ ਹੈ। ਪ੍ਰਭੂ ਦੇ ਸਿਮਰਨ ਤੋਂ ਵਿਛੜਨ ਨਾਲ ਸਾਰੇ ਰੋਗ ਸੋਗ ਵਿਆਪਦੇ ਹਨ। ਜੋ ਪ੍ਰਾਣੀ ਗੁਰੂ ਦੀ ਦਸੀ ਕਾਰ ਅਨੁਸਾਰ ਅੰਮ੍ਰਿਤ ਵੇਲੇ ਪ੍ਰਭੂ-ਭਜਨ ਵਿਚ ਨਹੀਂ ਜੁੜਦੇ, ਉਹ ਇਹ ਮਨੁਖਾ ਜਨਮ ਫ਼ਜ਼ੂਲ ਗਵਾ ਕੇ ਕਈ ਤਰ੍ਹਾਂ ਦੀਆਂ ਜੂਨੀਆਂ ਵਿਚ ਭਟਕਦੇ ਫਿਰਦੇ ਹਨ। ਜਿਹਾ ਕਿ ਫ਼ੁਰਮਾਨ ਹੈ–

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ।।੧।।੯।। (੯੬੧)

ਅਤੇ– ਸਭੇ ਦੁਖ ਸੰਤਾਪ ਜਾ ਤੁਧਹੁ ਭੁਲੀਐ ।।<br>
ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ ।।੧੪।। (੯੩੩)

ਫਿਰ ਸਤਿਗੁਰੂ ਜੀ ਪ੍ਰਭੂ ਤੋਂ ਭੁਲੇ ਹੋਏ ਐਸੇ ਮਨਮੁਖਾਂ ਪ੍ਰਤੀ ਇਥੋਂ ਤਕ ਫੁਰਮਾਂਦੇ ਹਨ–

ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ ।। ❋



www.AKJ.Org

# ਨਾਮ ਜਪਣਾ ਹੀ ਸੱਚੀ ਬਿਬੇਕ-ਵਿਚਾਰ ਤੇ ਸੱਚੀ ਕਾਰ ਹੈ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਗੁਰ ਸ਼ਬਦ ਹੀਅਰੇ ਅੰਦਰ ਪ੍ਰੋਤੇ ਜਾਣ ਦਾ ਵਡਾ ਉਤਮ ਫਲ ਇਹ ਹੁੰਦਾ ਹੈ ਕਿ ਪ੍ਰੇਮ ਪ੍ਰਵੇਧੇ ਹਰਿ ਰੰਗ ਦੀ ਨਿਮਗਨ ਦਸ਼ਾ ਬਣ ਆਂਵਦੀ ਹੈ ਅਤੇ ਅੰਦਰੋਂ ਹੀ ਲਾਲਨ ਦੀ ਲਭਤਾ ਹੋ ਜਾਂਦੀ ਹੈ, ਜਿਸ ਦੀ ਸੋਭਾ ਪੇਖ ਕੇ ਚਿਤ ਨੂੰ ਅਸਲ ਆਨੰਦ-ਮਗਨਤਾ ਅਤੇ ਸੱਚਾ ਉਮਾਹ ਅਤੇ ਆਤਮ-ਹੁਲਾਸੀ ਉਤਸ਼ਾਹ ਪ੍ਰਾਪਤ ਹੁੰਦਾ ਹੈ। ਪ੍ਰਮਾਰਥ ਦੀ ਆਤਮ-ਰੰਗੀ ਸੱਚੀ ਪ੍ਰਤੀਤ (ਪਤੀਜ) ਏਥੇ ਪੁਜ ਕੇ ਆਂਵਦੀ ਹੈ ਅਤੇ "ਹਉ ਤੇਰਾ ਤੂੰ ਮੈ ਮਨਿ ਵੂਠਾ"* ਦੇ ਚੋਜਾਂ ਦੇ ਖੇਲ ਹੋਇ ਵਰਤਦੀ ਹੈ। ਇਹ ਸਭ ਗੁਰ-ਸ਼ਬਦ ਦੇ ਰਿਦੰਤਰੀ ਅਭਿਆਸ ਨਿਵਾਸ ਮਈ ਸਾਰ ਬਿਬੇਕ ਦੇ ਪਾਰਸ ਸ਼ਕਤਿ ਚਮਤਕਾਰ ਹਨ।

ਗੁਰ ਸੇਵਾ ਜੁਗ ਚਾਰੇ ਹੋਈ ॥ ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ ॥੧॥
ਏ ਮਨ ਮੇਰੇ ਭਰਮੁ ਨ ਕੀਜੈ ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥੧॥ਰਹਾਉ॥
ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ ॥ ਆਪਿ ਉਧਰੇ ਕੁਲ ਸਗਲ ਨਿਸਤਾਰੇ ॥
ਹਰਿ ਕਾ ਨਾਮ ਰਖਹਿ ਉਰਧਾਰੇ ॥ ਨਾਮਿ ਰਤੇ ਭਉਜਲ ਉਤਰਹਿ ਪਾਰੇ ॥੨॥
ਸਤਿਗੁਰੁ ਸੇਵਹਿ ਸਦਾ ਮਨਿ ਦਾਸਾ ॥ ਹਉਮੈ ਮਾਰਿ ਕਮਲੁ ਪਰਗਾਸਾ ॥
ਅਨਹਦੁ ਵਾਜੈ ਨਿਜ ਘਰ ਵਾਸਾ ॥ ਨਾਮਿ ਰਤੇ ਘਰ ਮਾਹਿ ਉਦਾਸਾ ॥੩॥
ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ ॥ ਜੁਗੁ ਜੁਗੁ ਭਗਤੀ ਆਖਿ ਵਖਾਣੀ ॥
ਅਨਦਿਨੁ ਜਪਹਿ ਹਰਿ ਸਾਰਿੰਗਪਾਣੀ ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ ॥
॥੪॥੧੩॥੩੩॥ ਗਉੜੀ ਗੁ: ਮ: ੩, ਪੰਨਾ ੧੬੧-੬੨

ਇਸ ਗੁਰ ਪ੍ਰਮਾਣ ਦੀ 'ਰਹਾਉ' ਵਾਲੀ ਤੁਕ ਤੋਂ ਸਪਸ਼ਟ ਸਿਧ ਹੁੰਦਾ ਹੈ ਕਿ ਅੰਮ੍ਰਿਤ ਰਸੁ, ਅਰਥਾਤ, ਨਾਮ ਮਹਾਂ ਰਸ ਦਾ ਪੀਣਾ ਹੀ ਸੱਚੀ ਗੁਰਮੁਖਾਂ ਵਾਲੀ ਸੇਵਾ ਹੈ। ਅਜਿਹੀ ਸੇਵਾ ਦਾ ਤਰਲਾ ਭਾਵੇਂ ਚਹੁੰ ਜੁਗਾਂ ਵਿਚ ਹੁੰਦਾ ਰਿਹਾ ਹੋਵੇ ਅਤੇ ਜੁਗਾਂ ਜੁਗਾਂਤਰਾਂ ਤਾਈਂ ਹੁੰਦਾ ਰਹੇ, ਪ੍ਰੰਤੂ ਉਹ ਵਿਰਲੇ ਹੀ ਗੁਰਮੁਖਿ ਬਿਬੇਕੀ ਜਨ ਪੂਰੇ ਸੂਰੇ ਹਨ ਜੋ ਇਸ ਗੁਰ-ਕਾਰ ਨੂੰ ਕਮਾ ਕੇ ਤੋੜ ਨਿਭਾਉਂਦੇ ਹਨ (ਅਜਿਹੇ ਕਰਣੀ ਦੇ ਪੂਰੇ ਗੁਰਮੁਖਿ ਬਿਬੇਕੀ ਜਨ ਕੇਵਲ ਗੁਰੂ ਘਰ ਵਿਖੇ ਹੀ ਲਭ ਸਕਦੇ ਹਨ) ਉਹਨਾਂ ਨੂੰ ਹੀ ਅਖੁਟ ਨਾਮ ਦੀ ਪ੍ਰਾਪਤੀ ਹੁੰਦੀ ਹੈ।

* ਰਾਮਕਲੀ ਮ: ੫, ॥੪॥੩॥੧੪॥, ਪੰਨਾ ੮੮੭

---

❋ ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ ॥
ਵਿਸਟਾ ਕੇ ਕੀੜੇ ਪਵਹਿ ਵਿਚ ਵਿਸਟਾ ਵਿਸਟਾ ਮਾਹਿ ਸਮਾਹਿ ॥੨॥੩੮॥ (੨੮)

ਪ੍ਰਭੂ ਤੋਂ ਭੁਲਿਆਂ ਹੋਇਆਂ ਨੂੰ, ਇਸ ਮਨੁਖਾ ਜਨਮ ਵਿਚ ਜੋ ਮਾਇਆ ਦੇ ਕਈ ਤਰ੍ਹਾਂ ਦੇ ਰੰਗ ਤਮਾਸ਼ੇ ਅਤੇ ਮੌਜ ਮੇਲੇ ਮਾਣੇ ਹੁੰਦੇ ਹਨ, ਉਹ ਅੰਤ ਨੂੰ ਸਭ ਦੁਖਦਾਈ ਹੋ ਜਾਂਦੇ ਹਨ। ਫਿਰ ਓਦੋਂ ਉਨ੍ਹਾਂ ਤੋਂ ਛੁਟਕਾਰਾ ਦਿਵਾਣ ਲਈ ਕੋਈ ਸਹਾਇਤਾ ਨਹੀਂ ਕਰ ਸਕਦੇ, ਭਾਵੇਂ ਉਹ ਕਿਸੇ ਪਾਸ ਛੁਟਕਾਰੇ ਲਈ ਕੂਕ ਪੁਕਾਰ ਕਰਦੇ ਫਿਰਨ। ਪ੍ਰਾਣੀ ਨੂੰ ਧੁਰ ਸੰਜੋਗਾਂ ਦੇ ਲਿਖੇ ਅਨੁਸਾਰ ਕੀਤੇ ਕਰਮਾਂ ਦਾ ਫਲ ਅਵੱਸ਼ ਭੁਗਤਣਾ ਪੈਂਦਾ ਹੈ। ਉਨ੍ਹਾਂ ਤੋਂ ਭਾਵੇਂ ਉਹ ਬਚਣ ਦੇ ਲੱਖਾਂ ਜਤਨ ਕਰਦਾ ਫਿਰੇ, ਛੁਟਕਾਰਾ ਨਹੀਂ ਹੋ ਸਕਣਾ।

ਜੇ ਪ੍ਰਾਣੀ ਦੇ ਕੋਈ ਪੂਰਬਲੇ ਭਾਗ ਜਾਗ ਪੈਣ ਤਾਂ ਉਹ ਪ੍ਰਭੂ-ਚਰਨਾਂ ਵਿਚ ਬੇਨਤੀਆਂ ਜੋਦੜੀਆਂ ਕਰਦਾ ਸਾਧੂ-ਸਤਿਗੁਰੂ ਦੀ ਸੰਗਤ ਪ੍ਰਾਪਤ ਕਰਦਾ ਹੈ ਅਤੇ ਵਾਹਿਗੁਰੂ ਦੇ ਸਿਮਰਨ ਵਿਚ ਜੁੜ ਕੇ ਸਭ ਰੋਗਾਂ ਸੋਗਾਂ ਤੋਂ ਖਲਾਸੀ ਪਾਂਦਾ ਹੈ।


www.AKJ.Org

ਜਿਸ ਨਾਮ ਧਨ ਨੂੰ ਕਦੇ ਤੋਟ ਨਹੀਂ ਆਉਂਦੀ। ਇਸ ਨਾਮ ਧਨ ਦੀ ਪਾਰਸ-ਪ੍ਰਭਾਵੀ-ਕਲਾ ਦੁਆਰਾ ਇਸ ਲੋਕ ਵਿਖੇ ਤਾਂ ਸਦਾ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਚ ਮੁਖ ਉਜਲਾ (ਸੋਭਾਵੰਤ) ਹੁੰਦਾ ਹੈ। ਜੋ ਜਨ ਇਸ ਬਿਧਿ "ਗੁਰ ਕੀ ਸੇਵਾ ਗੁਰ ਭਗਤਿ ਹੈ"† ਦੇ ਭਾਵ ਅਨੁਸਾਰ ਸਤਿਗੁਰੂ ਨੂੰ ਸੇਂਵਦੇ ਹਨ, ਸੋ ਸੰਸਾਰ ਵਿਚ ਅਸਲ ਮਹਾਂ ਪੁਰਖ ਹਨ। ਆਪ ਤਰ ਜਾਂਦੇ ਹਨ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਤਾਰਨਹਾਰੇ ਹੋ ਕੇ ਤਾਰ ਦਿੰਦੇ ਹਨ ਅਤੇ ਸਾਸਿ ਗਿਰਾਸਿ ਗੁਰਮਤਿ ਨਾਮ ਨੂੰ ਰਿਦੰਤਰ ਧਾਰਨਹਾਰੇ ਹੋਣ ਕਰਕੇ ਸਹਿਜੇ ਭਵਜਲ ਤੋਂ ਪਾਰ ਪੈਂਦੇ ਹਨ (ਪਾਰ ਉਤਰ ਜਾਂਦੇ ਹਨ)। ਫੇਰ ਐਸੇ ਨਾਮ ਗੁਰੂ ਦੇ ਸੇਵਨਹਾਰ ਮਨ ਕਰਕੇ ਸਭਨਾਂ ਦੇ ਦਾਸ ਹਨ ਅਤੇ ਹਉਮੈ ਉਤੇ ਅਸਵਾਰ ਹਨ। ਉਨ੍ਹਾਂ ਦਾ ਰਿਦਾ-ਕੰਵਲ ਪ੍ਰਗਾਸਮਾਨ ਹੋ ਜਾਂਦਾ ਹੈ ਅਤੇ ਅਨਹਦ ਕੀਰਤਨ ਦੇ ਅਨਹਤ ਅਖਾੜੇ ਵਿਚ ਉਹਨਾਂ ਦਾ ਨਿਵਾਸ ਹੋ ਜਾਂਦਾ ਹੈ, ਐਸੇ ਨਾਮ-ਰਤੇ ਗੁਰਮੁਖ ਪਿਆਰੇ ਹੀ ਰਾਜ਼ ਵਿਚ ਜੋਗ ਕਮਾਵਣਹਾਰੇ ਹਨ ਅਤੇ ਨਿਹਕੇਵਲ ਨਿਰਬਾਣ ਪਦ ਭੀ ਤਿਨ੍ਹਾਂ ਨੂੰ ਪ੍ਰਾਪਤ ਹੈ। ਇਸ ਸਿਫਤਿ ਸਾਲਾਹ (ਨਾਮ) ਰੂਪੀ ਸਾਰ ਬਿਬੇਕ ਕਮਾਈ ਦੇ ਰੰਗ ਬਰੰਗੀ ਅਲੌਕਿਕ ਚਮਤਕਾਰ ਕ੍ਰਿਸ਼ਮੇ ਹਨ, ਜੋ ਗੁਰਮਤਿ ਬਿਬੇਕ (ਭਗਤੀ ਕਮਾਈ) ਦੀ ਪਾਰਸ ਕਲਾ ਨੂੰ ਜਣਾਉਣਹਾਰੇ ਹਨ। ਏਵਡ ਵਡ ਪਰਤਾਪ ਹੈ ਸਿਫਤਿ ਸਾਲਾਹ ਰੂਪੀ ਸਾਰ ਬਿਬੇਕ ਦਾ।

ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ ॥
ਨਾਨਕ ਨਾਮੁ ਸਮਾਲਿ ਤੂੰ ਭਾਈ ਅਪਰੰਪਰ ਗੁਣੀ ਗਹੀਰ ॥੮॥੩॥ ਸੋਰਠਿ ਮ: ੩, ਪੰਨਾ ੬੩੯

ਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਇਸ ਗੁਰਵਾਕ ਦੁਆਰਾ ਨਾਮ ਮਹਿਮਾ ਦੀ ਪੱਕ ਪ੍ਰਤੀਤ ਕਰਾਉਂਦੇ ਹੋਏ ਉਪਦੇਸ਼ ਮਈ ਹੁਕਮ ਦਿੰਦੇ ਹਨ ਕਿ ਹੇ ਭਾਈ! ਜੇ ਤੂੰ ਨਾਮ ਨੂੰ ਸੰਮਾਲ ਲਵਹਿ (ਅਰਥਾਤ ਹਿਰਦੇ ਅੰਦਰ ਪ੍ਰੋ ਕੇ ਸੁਆਸ ਸੁਆਸ ਆਰਾਧਨ ਕਰਨ ਲਗ ਪਵੇਂ) ਤਾਂ ਸੁਖ ਸਾਗਰ ਵਿਚ ਤੇਰਾ ਨਿਵਾਸ ਹੋ ਜਾਵੇ। ਇਸ ਕਰਕੇ ਹੇ ਪਿਆਰੇ! ਤੂੰ ਨਾਮ ਨੂੰ ਸਮਾਲਿ, ਭਾਵ ਇਸ ਅਪਰੰਪਰ ਗੁਣੀ ਗਹੀਰ ਨਾਮ ਦਾ ਸਦਾ ਸਿਮਰਨ ਕਰ।

ਹੁਣ ਸਮਝ ਲਵੋ ਕਿ ਜੋ ਸਤਿਗੁਰ ਦੇ ਇਸ ਉਪਦੇਸ਼ ਮਈ ਹੁਕਮ ਨੂੰ ਗੁਰੂ ਦੇ ਸਿਖ ਸਦਾਉਂਦੇ ਹੋਏ ਭੀ ਨਹੀਂ ਕਮਾਉਂਦੇ ਉਹ ਕਿਤਨੇ ਕੁ ਬਿਬੇਕ-ਹੀਨ ਅਗਿਆਨੀ ਅਤੇ ਮਨਮੁਖੀ ਪੁਰਖ ਹਨ ਅਤੇ ਇਸ ਤੋਂ ਉਲਟ ਜੋ ਗੁਰਮੁਖਿ ਜਨ ਇਸ ਗੁਰ-ਫੁਰਮਾਨ (ਸਤਿਗੁਰ ਬਚਨ ਮਈ ਹੁਕਮ) ਦਾ ਕਮਾਵਣਾ ਕਰਦੇ ਹਨ, ਉਹ ਕਿਤਨੇ ਬੜੇ ਵਿਚਾਰਵਾਨ ਬਿਬੇਕੀ ਅਤੇ ਗਿਆਨਵੰਤ ਗਿਆਨੀ ਪੁਰਖ ਹਨ, ਕਿਉਂਕਿ—

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥੧॥੯੯॥ ਸਿਰੀਰਾਗੁ ਮ: ੫, ਪੰਨਾ ੫੨

ਰੂਪੀ ਗੁਰਵਾਕ ਦੀ ਕਸੌਟੀ ਅਨੁਸਾਰ ਸਤਿਗੁਰੂ ਦੇ ਹੁਕਮਨ ਸਿਰ ਹੁਕਮ, ਸਾਰ ਹੁਕਮ, ਸਿਫਤਿ ਸਾਲਾਹ ਰੂਪੀ ਸਾਰ ਬਚਨ ਦਾ ਕਮਾਵਣਾ ਸਭ ਤੋਂ ਉਤਮ ਸੱਚਾ ਸ੍ਰੇਸ਼ਟ ਅਤੇ ਸਾਰ ਬਿਬੇਕ ਬੀਚਾਰ ਹੈ, ਜੋ ਹਰ ਇਕ ਸਿਖ ਦਾ ਮੁਖ ਅਤੇ ਮੂਲ ਧਰਮ ਹੈ।

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥
ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧॥੧॥
ਬਿਹਾਗੜਾ ਮ: ੪, ਪੰਨਾ ੫੩੮

ਏਸ ਗੁਰਵਾਕ ਦੁਆਰਾ ਫੇਰ ਮਹਾਰਾਜ ਦ੍ਰਿੜ੍ਹਾਉਂਦੇ ਹਨ ਕਿ ਕੇਵਲ ਗੁਰਮਤਿ ਦੁਆਰਾ ਹੀ ਧਾਵਤ ਮਨ ਠਹਿਰਾਇਆ ਜਾ ਸਕਦਾ ਹੈ। ਭਾਵ, ਇਹ ਚੰਚਲ ਮਨ ਹੋਰਤ ਕਿਤੇ ਉਪਾਵ ਕਰਿ ਵਸ ਨਹੀਂ ਆਉਂਦਾ। ਸੋ ਹੇ ਮੇਰੀ ਜਿੰਦੜੀਏ! ਇਸ ਮਨ ਨੂੰ ਗੁਰਮਤਿ ਦੁਆਰਾ ਠਹਿਰਾ, ਵੱਸ ਕਰ, ਫੇਰ ਇਹ ਕਦੇ ਅੰਤ ਤੀਕਰ ਨਹੀਂ ਡੋਲੇਗਾ। ਅਤੇ ਇਸ ਮਨ ਦੇ ਵਸ ਕਰਨ ਦਾ ਗੁਰਮਤਿ ਉਪਾਵ ਕੀ ਹੈ। (ਉਤਰ) "ਗੁਣ ਨਾਨਕ ਬਾਣੀ

† ਸਿਰੀਰਾਗੁ ਮ: ੩, ॥੧॥੨੧॥, ਪੰਨਾ ੬੬


www.AKJ.Org

ਬੋਲੇ ਰਾਮ ॥'' ਗੁਰਬਾਣੀ ਰੂਪੀ ਗੁਣ (ਨਾਮ) ਦਾ ਉਚਾਰਨਾ ਹੀ ਗੁਰਮਤਿ ਉਪਾਵ ਹੈ ਅਤੇ ਇਸ ਉਪਾਵ ਦੇ ਧਾਰਨ ਕਰਨ ਦੁਆਰਾ ਮਨ ਵਸਿ ਆਉਣ ਨਾਲ ਹੀ ਹਰਿ ਪ੍ਰਭ ਅਕਾਲ ਪੁਰਖ ਦੇ ਪਾਵਣ ਦਾ ਮਨ-ਚਿੰਦਿਅੜਾ (ਬਾਂਛਤ) ਫਲ ਭੀ ਪ੍ਰਾਪਤ ਹੋਵੇਗਾ।

## 'ਜਪੁ ਨੀਸਾਣੁ' ਦੀ ਗੁਰਮਤਿ ਮਹਿਮਾ ਤੇ ਸਿਫਤਿ ਸਾਲਾਹ

ਗੁਰੂ ਕੇ ਸਿਖ ਦਾ ਮੁਖ ਕਰਮ ਹੈ ਗੁਰੂ ਕਾ ਹੁਕਮ ਮੰਨਣਾ ਅਤੇ ਹੁਕਮ ਅਨੁਸਾਰ ਚੱਲਣਾ। ਮੁਖ ਹੁਕਮ ਗੁਰੂ ਕਾ ਹੈ ਨਾਮ ਸਿਫਤਿ ਸਾਲਾਹ । ਜੈਸਾ ਕਿ "ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ"* ਆਦਿਕ ਗੁਰ ਪ੍ਰਮਾਣਾਂ ਤੋਂ ਸਪਸ਼ਟ ਸਿਧ ਹੈ। ਬਸ, ਜੋ ਇਸ ਹੁਕਮ ਨੂੰ ਮੰਨਦਾ ਹੈ ਉਸੇ ਦੀ ਗੁਰਸਿਖੀ ਲੇਖੇ ਪੈਂਦੀ ਹੈ, ਯਥਾ ਗੁਰਵਾਕ :

ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥੧॥੧੫॥

ਸਲੋਕੁ ਮ: ੧, ਰਾਮਕਲੀ ਕੀ ਵਾਰ, ਪੰਨਾ ੯੫੪

ਏਸੇ ਨਾਮ ਰੂਪੀ ਹੁਕਮ ਨੂੰ ਮੁਖ ਕਰਮ ਜਣਾਵਣ ਲਈ ਸ੍ਰੀ ਜਪ ਜੀ ਸਾਹਿਬ ਦੇ ਅਰੰਭ ਵਿਖੇ ਜਪ ਨੀਸਾਣੀ ਹੁਕਮ ਚੜ੍ਹਿਆ ਹੋਇਆ ਹੈ ਕਿ "ਜਪੁ" ! ਮੂਲ ਮੰਤ੍ਰ ਮੰਗਲਾਚਰਣ ਪਸਚਾਤ ਮੁਢ ਮੁਖੀ ਹੁਕਮ ਚੜ੍ਹਦਾ ਹੈ "ਜਪੁ" ! ਇਹ ਮੁਖ ਹੁਕਮ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿਤਰ ਬਾਣੀ ਦਾ ਆਦਿ ਇਹੋ 'ਜਪੁ' ਨੀਸਾਣ ਹੈ, ਜੋ ਹੁਕਮ ਦੀ ਮੁਖ ਤਾੜਨਾ ਮਈ ਸ਼ਕਲ ਵਿਚ ਮਾਨੋ ਨਗਾਰੇ ਦੀ ਚੋਟ ਲਾ ਕੇ ਦ੍ਰਿੜ੍ਹਾਇਆ ਹੈ। ਏਸੇ ਦ੍ਰਿੜ੍ਹਾਵਣ ਖ਼ਾਤਰ ਹੀ ਇਹ ਨਗਾਰਾ ਸਮੱਗਰ ਬਾਣੀ ਅੰਦਰਿ, ਵਾਕ ਵਾਕ ਅੰਦਰਿ, ਸ਼ਬਦ ਮਾਤਰ ਅੰਦਰਿ ਵਜਦਾ ਹੈ । ਏਸੇ ਹੁਕਮ-ਨਗਾਰੇ ਦੀ ਚੋਟ ਬਾਣੀ ਦੇ ਆਦਿ, ਮਧ, ਅੰਤ ਵਿਖੇ (ਜਿਥੇ ਦੇਖੋ ਤਿਥੇ ਹੀ) ਪੈਂਦੀ ਹੈ। ਅਤੇ ਇਹ ਚੋਟ ਇਸ ਕਰਕੇ ਬਾਰੰਬਾਰ ਦੀ ਅਖੰਡਾਕਾਰ ਧੁੰਨਕਾਰ ਵਿਚ ਪੈਂਦੀ ਹੈ ਕਿ ਸਭ ਨੂੰ ਪਤਾ ਲੱਗ ਜਾਵੇ ਤੇ ਸਭ ਦੇ ਕੰਨ ਖੁਲ੍ਹ ਜਾਣ ਕਿ ਏਹੀ ਹੁਕਮ ਹੈ ਜਿਸ ਦਾ ਮੰਨਣਾ ਕਮਾਉਣਾ ਪ੍ਰਾਣੀ ਮਾਤ੍ਰ ਜਗਿਆਸੂ ਸਿਖ ਦਾ ਮੁਖ ਧਰਮ ਕਰਮ ਹੈ।

ਏਹ ਨਗਾਰੇ ਦੀ ਚੋਟ ਏਸੇ ਕਰਕੇ ਪੈਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦਸੇ ਜਾਮਿਆਂ ਅੰਦਰਿ ਏਸੇ ਮੁਖ ਹੁਕਮ ਨੂੰ ਮਨਾਵਣ ਦ੍ਰਿੜ੍ਹਾਵਣ ਅਤੇ ਏਸੇ ਹੁਕਮ ਉਪਰ ਸੰਸਾਰੀ ਬੰਦਿਆਂ ਨੂੰ ਚਲਾਵਣ ਆਏ।

ਏਸ ਨਗਾਰੇ ਦੀ ਬਾਰੰਬਾਰੀ ਅਤੇ ਲਗਾਤਾਰੀ ਚੋਟ ਇਸ ਕਰਕੇ ਛਮਾ ਛਮ ਪੈਂਦੀ ਹੈ ਕਿ ਸੰਸਾਰ ਦੇ ਕਲਜੁਗੀ ਜੀਵਾਂ ਦੀ ਕਲਿਆਣ ਹੀ ਇਸ 'ਜਪ-ਨੀਸਾਣੀਏ-ਹੁਕਮ' ਦੇ ਕਮਾਵਣ ਅੰਦਰ ਹੈ !

ਏਸ ਨਗਾਰੇ ਦੀ ਚੋਟ ਇਸ ਕਰਕੇ ਦਬਾ ਦਬ ਪੈਂਦੀ ਹੈ ਕਿ ਇਸ ਹੁਕਮ ਤੋਂ ਘੁਥੇ ਹੋਏ ਸੰਸਾਰੀ ਜੀਵਾਂ ਨੂੰ ਇਸ ਹੁਕਮ ਕਮਾਵਣ ਦੀ ਸੋਝੀ (ਹੋਸ਼) ਆ ਜਾਵੇ।

ਏਸ ਨਗਾਰੇ ਦੀ ਚੋਟ ਏਸ ਕਰਕੇ ਬਾਰੰਬਾਰ ਲਾਉਣੀ ਪਈ ਕਿ ਇਸ ਹੁਕਮ ਤੋਂ ਭੁਲੇ ਹੋਏ ਜੀਵ ਇਕ ਵਾਰ ਹੋਸ਼ ਵਿਚ ਆ ਕੇ ਫੇਰ ਭੁਲ ਵਿਚ ਨਾ ਜਾ ਪੈਣ।

ਏਸ ਨਗਾਰੇ ਨੂੰ ਏਸ ਕਰਕੇ ਖਿਨ ਖਿਨ ਚੋਟ ਲਾਉਣ ਦੀ ਲੋੜ ਪਈ ਕਿ ਇਸ ਹੁਕਮ ਦੀ ਯਾਦ ਨੂੰ ਖਿਨ ਖਿਨ ਭੁਲਣਹਾਰ ਜੀਵ ਹਰਦਮ ਯਾਦ ਰਖਣ।

ਇਸ ਨਗਾਰੇ ਦੀ ਇਕ-ਤਾਰ ਚੋਟ ਇਸ ਕਰਕੇ ਪੈਂਦੀ ਹੈ ਕਿ ਇਸ ਯਾਦ ਵਿਚ ਸੁਰਜੀਤ ਹੋਏ ਜਗਿਆਸੂ ਜਨ ਕਿਤੇ ਖਿਨ ਮਾਤਰ ਭੀ ਇਸ ਯਾਦ ਤੋਂ ਨਾ ਭੁਲ ਬੈਠਣ !

ਗੱਲ ਕੀ, ਇਸ ਨਗਾਰੇ ਦੀ ਅਨਹਦੀ ਚੋਟ ਦਾ ਤਤ ਭਾਵ ਇਸ ਯਾਦ ਨੂੰ ਪਕਾਣ, ਦ੍ਰਿੜ੍ਹਾਵਣ ਅਤੇ ਦ੍ਰਿੜ੍ਹਾਈ ਰਖਾਵਣ ਦਾ ਹੈ। ਏਸੇ ਕਰਕੇ ਹੀ ਏਸ ਹੁਕਮ ਦਾ ਢੰਡੋਰਾ ਬਾਣੀ ਦੀ ਤੁਕ ਤੁਕ ਅੰਦਰ ਫੇਰਿਆ ਹੈ।

ਇਹ ਗਗਨ-ਦਮਾਮਾ 'ਜਪੁ ਨੀਸਾਣੁ' ਦਾ ਸਰੂਪ ਹੋ ਕੇ ਅਤੇ ਹੁਕਮ ਦੇ ਝੰਡੇ ਨੂੰ ਲੈ ਕੇ ਸਮੱਗਰ ਬਾਣੀ

---

* ਸਿਰੀ ਰਾਗੁ ਮ: ੧, ॥੫॥, ਪੰਨਾ ੭੨



www.AKJ.Org

ਦੇ ਆਦਿ, ਮਧ, ਅੰਤ ਵਿਖੇ ਸਰਬਦਾ ਵਜਦਾ ਗਜਦਾ ਹੈ। ਐਥੋਂ ਤੀਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੁਢ ਅਰੰਭਕ ਬਾਣੀ ਸ੍ਰੀ ਜਪੁਜੀ ਸਾਹਿਬ ਦੇ ਆਦਿ ਵਿਖੇ 'ਜਪੁ ਨੀਸਾਣੁ' ਦੀ ਘਨਘੋਰ ਜਿਉਂ ਅਰੰਭ ਹੋਈ ਹੈ ਕਿ ਸੰਪੂਰਨ ਗੁਰਬਾਣੀ ਅੰਦਰਿ ਅਨਿਕ ਪ੍ਰਕਾਰੀ ਚੋਟਾਂ, ਗੂੰਜਾਂ ਅਤੇ ਗੜਗੱਜਾਂ ਦੀ ਸ਼ਕਲ ਵਿਚ ਧੁਰ ਹੁੰਦੀ ਹੀ ਚਲੀ ਗਈ। ਸ੍ਰੀ ਜਪੁਜੀ ਸਾਹਿਬ ਦੇ ਭੋਗ ਦੀ ਤੁਕ ਉਤੇ ਜਦ ਭੋਗ ਪਿਆ ਤਦ ਭੀ ਅਸੀਂ ਕੀ ਡਿਠਾ ਸੁਣਿਆ ਕਿ—

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥

ਰੂਪੀ ਗੁਰ ਹੁਕਮ ਦੇ ਓਸੇ ਨਗਾਰੇ ਵਾਲੀ ਗੂੰਜ ਅਸਾਡੇ ਕੰਨਾਂ ਅੰਦਰ ਅਨਹਦ ਝੁਨਕਾਰ ਦੀ ਸ਼ਕਲ ਵਿਚ ਪੈਂਦੀ ਹੈ। ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਭੋਗ ਵਾਲੀ ਅੰਤਲੀ ਤੁਕ ਭੀ 'ਨਾਮੁ' ਹੁਕਮ ਦੀਆਂ ਗੂੰਜਾਂ ਵਾਲੀ ਸਦਾ ਯਾਚਨਾ ਮਈ ਮਧਰ ਧੁੰਨੀ ਵਿਚ ਇਸ ਬਿਧਿ ਗੂੰਜਦੀ ਹੈ :

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥
(ਮੁੰਦਾਵਣੀ ਮ: ੫, ਸਲੋਕ, ਪੰਨਾ ੧੪੨੯)

## ਸਚਿਆਰ ਸਿਖ ਬਿਬੇਕੀ ਦੀ ਪੂਰਨ ਪਛਾਣ

ਸੋ ਗੁਰੂ ਕੇ ਐਸੇ ਅਪਰ ਅਪਾਰ ਅਤੇ ਤਤ ਸਾਰ ਹੁਕਮ ਦਾ ਪਾਲਣਾ ਅਤੇ ਤਿਆਰ-ਬਰ-ਤਿਆਰ ਹੋ ਕੇ ਕਮਾਉਣਾ ਸਚਿਆਰ ਸਿਖ ਦਾ ਪਰਮ ਧਰਮ ਹੈ ਅਤੇ ਉਹੀ ਸੱਚਾ ਬਿਬੇਕੀ ਜਨ ਹੈ ਜੋ ਇਸ ਪਰਮ ਧਰਮ ਨੂੰ ਹਰ ਦਮ ਕਮਾਵਣ-ਹਾਰਾ ਹੈ। ਜੋ ਸਿਖ ਗੁਰੂ ਕੇ ਇਸ ਹੁਕਮ ਕਮਾਵਣ ਨੂੰ ਆਪਣਾ ਪਰਮ ਧਰਮ ਨਹੀਂ ਸਮਝਦਾ ਉਹ ਗੁਰੂ ਕਾ ਸਚਿਆਰ ਸਿਖ ਕਹਾਵਨ ਦਾ ਅਧਿਕਾਰੀ ਨਹੀਂ, ਕਿਉਂਕਿ ਅਸਲ ਸਿਖ ਦੀ ਅਰਥਾਤ; ਸਚਿਆਰ ਸਿਖ ਬਿਬੇਕੀ ਜਨ ਦੀ ਪੂਰਨ ਪਛਾਣ ਇਸ ਗੁਰਵਾਕ ਅੰਦਰ ਹੈ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ...॥੧॥੬॥
ਸੋਰਠਿ ਮ: ੩, ਪੰਨਾ ੬੦੧-੦੨

ਗੁਰੂ ਸਾਹਿਬ ਉਸ ਗੁਰ-ਜਨ ਨੂੰ ਕਿੱਡੀ ਵਡਿਆਈ ਦਿੰਦੇ ਹਨ ਜੋ ਕਿ ਗੁਰੂ ਕੇ ਭਾਣੇ ਅੰਦਰ ਕਾਰ ਕਮਾਵਣਹਾਰਾ ਹੈ। ਗੁਰੂ ਕੇ ਭਾਣੇ ਅੰਦਰ ਆਉਣ ਵਾਲੇ ਅਰਥਾਤ ਗੁਰੂ ਦੇ ਹੁਕਮਾਂ ਅੰਦਰ ਕਾਰ ਕਮਾਵਣਹਾਰੇ ਗੁਰੂ ਦੇ ਹੁਕਮ ਰਜਾਈ ਚਲਣਹਾਰੇ ਜਗਿਆਸੂ ਜਨ ਨੂੰ ਗੁਰੂ ਸਾਹਿਬ ਅਸਲ ਸਚਿਆਰ ਸਿਖ ਦਾ ਮਰਤਬਾ ਦਿੰਦੇ ਹਨ। ਅਤੇ ਪ੍ਰੇਮ ਹਿਤਕਾਰ ਭਰੇ ਪਦਾਂ ਵਿਚ ਆਖਦੇ ਹਨ ਕਿ ਜੋ ਗੁਰੂ ਕੇ ਭਾਣੇ ਅੰਦਰ ਆਉਣਹਾਰਾ ਹੈ ਉਹੀ ਅਸਾਡਾ ਪਿਆਰਾ ਦੁਲਾਰਾ ਸੱਚਾ ਸਿਖ ਹੈ; ਸਿਰਫ਼ ਸਿਖ ਹੀ ਨਹੀਂ, ਸਜਣ ਭੀ ਉਹੀ ਹੈ ਅਤੇ ਉਹੀ ਸੱਚਾ ਸਨਬੰਧੀ (ਰਿਸ਼ਤੇਦਾਰ) ਹੈ ਅਤੇ ਉਹੀ ਅਸਾਡਾ ਭਾਈ (ਭਰਾਤਾ) ਹੈ। ਗੁਰੂ ਸਾਹਿਬ ਗੁਰ-ਭਾਣੇ ਅੰਦਰ ਆਵਣਹਾਰੇ ਗੁਰਸਿਖ ਨੂੰ ਕੇਵਡ ਵਡਾ ਮਰਤਬਾ ਦੇ ਕੇ ਵਡੀਰਦੇ ਹਨ। ਸਖਾ, ਬੰਧਪ, ਭਾਈ ਦੀ ਵਡਿਆਈ ਦੇਣ ਤਾਈਂ ਭੀ ਜਾਂਦੇ ਹਨ। ਪਰ ਉਸ ਸਚਿਆਰ ਸਿਖ ਨੂੰ, ਜਿਹੜਾ ਕਿ ਗੁਰੂ ਕੇ ਭਾਣੇ ਅੰਦਰ ਆ ਗਿਆ ਹੈ। ਅਤੇ ਜਿਹੜਾ ਗੁਰੂ ਤੋਂ ਬੇਮੁਖ ਹੋ ਕੇ ਆਪਣੇ ਮਨ-ਮੰਨੇ (ਮਨ ਦੀ ਮਤਿ ਵਾਲੇ) ਭਾਣੇ (ਮਨਮਤੇ) ਅਨੁਸਾਰ ਚਲਦਾ ਹੈ ਓਸ ਨੂੰ ਆਖਦੇ ਹਨ ਕਿ ਓਹ ਅਸਾਥੋਂ ਵਿਛੜਿਆ ਹੋਇਆ ਹੈ। ਅਤੇ ਇਸ ਬਿਧਿ ਵਿਛੜ ਕੇ (ਵਿਛੜਿਆ ਹੋਇਆ) ਚੋਟਾਂ ਖਾਂਦਾ ਹੈ ਤੇ ਖਾਵੇਗਾ। 'ਗੁਰ ਕੇ ਭਾਣੇ' ਦਾ ਭਾਵ ਏਥੇ ਗੁਰੂ ਕਾ ਹੁਕਮ ਹੈ। ਅਤੇ 'ਗੁਰ ਕੇ ਭਾਣੇ ਅੰਦਰ ਆਉਣ' ਦਾ ਭਾਵ ਗੁਰੂ ਕਾ ਹੁਕਮੀ ਬੰਦਾ ਹੋ ਕੇ ਗੁਰੂ ਦੀ ਹੁਕਮ ਕੀਤੀ (ਹੁਕਮ ਅਨੁਸਾਰ) ਕਾਰ ਕਮਾਵਣ ਦਾ ਹੈ।


www.AKJ.Org

**ਗੁਰੂ ਕੇ ਭਾਣੇ ਵਿਚ ਚਲਣਾ ਤੇ ਹੁਕਮ ਮੰਨਣਾ ਇਕੋ ਭਾਵ ਹੈ**

ਗੁਰੂ ਕਾ ਭਾਣਾ ਸੋ ਹੈ ਜੋ ਗੁਰੂ ਨੂੰ ਭਾਵੇ। ਜੋ ਕੁਛ ਗੁਰੂ ਨੂੰ ਭਾਉਂਦਾ ਹੈ ਓਹੋ ਗੁਰੂ ਹੁਕਮ ਕਰਦਾ ਹੈ ਕਿ ਕਮਾਓ ! ਕਮਾਉਣ ਯੋਗ ਕਾਰ (ਜੋ ਗੁਰੂ ਨੂੰ ਭਾਉਂਦੀ ਹੈ) ਨਾਮ ਸਿਫਤਿ ਸਾਲਾਹ ਹੈ। ਤਾਂ ਤੇ ਨਾਮ ਦਾ ਜਪਣਾ, ਅਰਥਾਤ, ਨਾਮ ਜਪਣ ਰੂਪੀ ਕਾਰ ਕਮਾਈ ਦਾ ਕਰਨਾ, ਭਾਵ, ਨਾਮ ਦਾ ਕਮਾਵਣਾ ਹੀ ਗੁਰੂ ਕੇ ਭਾਣੇ ਵਿਚ ਆਵਣਾ (ਗੁਰੂ ਕੇ ਭਾਣੇ ਅੰਦਰ ਚਲਣਾ) ਹੈ । ਗੱਲ ਕੀ, ਗੁਰੂ ਕੇ ਭਾਣੇ ਅਤੇ ਹੁਕਮ ਦਾ ਗੁਰਮਤਿ ਅੰਦਰ ਇਕੋ ਹੀ ਭਾਵ-ਅਰਥ ਹੈ। 'ਭਾਣਾ'; 'ਹੁਕਮ', 'ਨਾਮ', ਤਿੰਨੇ ਹੀ ਗੁਰਮਤਿ ਅੰਦਰ (ਭਾਵ, ਗੁਰਬਾਣੀ ਅੰਦਰ) ਸਮਵਰਤੀ ਬਿਵਸਥਾ ਵਾਲੇ ਸਮਭਾਵੀ ਪਦ ਹਨ। ਇਸ ਦੀ ਪ੍ਰੋੜ੍ਹਤਾ ਲਈ ਅਨੇਕਾਂ ਗੁਰ ਪ੍ਰਮਾਣ ਮਿਲ ਸਕਦੇ ਹਨ। ਯਥਾ :

ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ ॥
ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ ॥੫॥...
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥ ਸਿਰੀ ਰਾਗੁ ਮਹਲਾ ੩, ਪੰਨਾ ੬੫

ਏਥੇ ਸਾਫ ਸਪਸ਼ਟ ਹੈ ਕਿ ਸਤਿਗੁਰ ਕਾ ਭਾਣਾ ਕਮਾਵਣਾ, ,ਨਾਮ ਜਪਣਾ (ਸਿਫਤਿ ਸਾਲਾਹ ਕਰਨਾ) ਅਥਵਾ ਗੁਰ ਕਾ ਸ਼ਬਦ ਕਮਾਵਣਾ ਹੈ। ਇਹੋ ਸਤਿਗੁਰ ਦਾ ਹੁਕਮ ਹੈ। ਅਰਥਾਤ, ਹੁਕਮ ਅਤੇ ਭਾਣਾ ਇਕੋ ਗੁਰਸ਼ਬਦ (ਨਾਮ) ਦਾ ਕਮਾਵਣਾ ਹੈ। ਐਸੇ ਸ਼ਬਦ ਕਮਾਈ ਵਾਲੇ ਸਿਫਤਿ ਸਾਲਾਹੀ ਹੁਕਮ ਰਜ਼ਾ ਦਾ ਭਾਣਾ ਕਮਾਵਣਹਾਰੇ ਪ੍ਰੇਮੀ ਜਨਾਂ ਦਾ ਹੀ ਸਤਿਗੁਰ ਨਾਲ ਸਚਾ ਪ੍ਰੇਮ ਪਿਆਰ ਹੈ ਅਤੇ ਸੋਈ ਸਤਿਗੁਰ ਦੇ ਸਚੇ ਸਿਖ ਹੈਨ। ਤਿਨ੍ਹਾਂ ਸਿੱਖਾਂ ਦਾ ਨਾਉਂ ਹੀ ਸਾਰ ਅਤੇ ਸਚਿਆਰ ਬਿਬੇਕੀ ਸਿਖ ਹੈ। ['ਗੁਰਮਤਿ ਬਿਬੇਕ' ਪੁਸਤਕ ਵਿਚ

---

# ਅੰਮ੍ਰਿਤ ਦੀ ਲੋੜ ਕਿਉਂ ?

[ਪ੍ਰੋਫੈਸਰ ਹਰਬੰਸ ਸਿੰਘ ਜੀ]

੧. ਨਿਗੁਰੇ ਤੋਂ ਗੁਰੂ ਵਾਲਾ ਬਣਨ ਲਈ।
੨. ਨਿਆਸਰੇ ਤੋਂ ਆਸਰੇ ਵਾਲਾ ਬਣਨ ਲਈ।
੩. ਮਨਮੁਖ ਤੋਂ ਗੁਰਮੁਖ ਬਣਨ ਲਈ।
੪. ਕੁਰਹਿਤੀਏ ਤੋਂ ਰਹਿਤਵਾਨ ਬਣਨ ਲਈ।
੫. ਪਿਛਲੀਆਂ ਭੁੱਲਾਂ ਬਖਸ਼ਵਾਉਣ ਲਈ।
੬. ਅੰਮ੍ਰਿਤ ਨਾਮ ਦ੍ਰਿੜ੍ਹ ਕਰਵਾਉਣ ਲਈ।
੭. ਨਾਮ ਸਿਮਰਨ ਦੀ ਸੱਚੀ ਕਾਰੇ ਜੁਟਣ ਲਈ।
੮. ਮਾਇਆ-ਜਾਲ ਵਿਚੋਂ ਬਾਹਰ ਨਿਕਲਣ, ਅਥਵਾ ਕਾਮ, ਕ੍ਰੋਧ, ਲੋਭ,-ਮੋਹ ਹੰਕਾਰ ਦੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ।
੯. ਸਚਿਆਰ ਸਿੱਖ ਅਥਵਾ **ਖਾਲਸਾ** ਬਣਨ ਲਈ।
੧੦. ਲੋਕ ਸੁਖੀਏ ਤੇ ਪਰਲੋਕ ਸੁਹੇਲੇ ਬਣਨ ਲਈ।

**ਤਾਂ ਤੇ**

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ
ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ ॥
ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥੨॥੫॥ (ਬਿਹਾਗੜਾ ਮ: ੪, ਪੰਨਾ ੫੪੦)



www.AKJ.Org

# ਗੁਰਬਾਣੀ ਵਿਚ 'ਸ਼ਬਦ' ਦਾ ਸੰਕਲਪ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਨੋਟ : ਇਹ ਲੇਖ 'ਸ਼ਬਦ–ਗੁਰੂ' ਦੇ ਆਸ਼ੇ ਨੂੰ ਨਿਰਣਾਉਂਦਾ ਹੈ। ਪਿਛਲੇ ਸਤੰਬਰ 'ਸੂਰਾ' ਵਿਚ ਥਾਂ ਦੀ ਥੁੜ ਸੀ, ਇਸੇ ਲਈ ਇਹ ਹੁਣ ਅਕਤੂਬਰ ਵਿਚ ਦਿਤਾ ਜਾ ਰਿਹਾ ਹੈ। —ਸੰਪਾਦਕ

੧. ਸੰਸਾਰ ਦੇ ਤਕਰੀਬਨ ਸਾਰੇ ਹੀ ਧਰਮ 'ਸ਼ਬਦ' ਦੀ ਮਹਾਨਤਾ ਨੂੰ ਥੋੜੇ ਬਹੁਤ ਫ਼ਰਕ ਨਾਲ ਸਵੀਕਾਰ ਕਰਦੇ ਹਨ। ਹਰੇਕ ਧਰਮ ਦੇ ਅਨੁਆਈ ਆਪੋ ਆਪਣੇ ਪੈਗੰਬਰ ਦਾ ਕਲਾਮ ਬੜੀ ਸ਼ਰਧਾ ਅਤੇ ਸਿਦਕ ਨਾਲ ਪੜ੍ਹਦੇ ਹਨ ਅਤੇ ਉਸ ਤੋਂ ਅਗਵਾਈ ਲੈਂਦੇ ਹਨ। ਪਰ ਇਸ ਵਿਚ ਕੋਈ ਅਤਿ-ਕਥਨੀ ਨਹੀਂ ਕਿ ਸਿਖ ਧਰਮ ਵਿਚ 'ਸ਼ਬਦ' ਦੀ ਵਿਲੱਖਣਤਾ ਅਤੇ ਮਹਾਨਤਾ ਸਾਰੇ ਧਰਮਾਂ ਤੋਂ ਵਧੇਰੇ ਹੈ। 'ਸ਼ਬਦ' ਸਿਖ-ਸਿਧਾਂਤ ਦਾ ਕੇਂਦਰੀ-ਬਿੰਦੂ ਹੈ।

੨. ਬਾਕੀ ਧਰਮਾਂ ਦੇ ਅਨੁਆਈਆਂ ਪਾਸ ਉਹਨਾਂ ਦੇ ਪੈਗੰਬਰ ਦਾ ਕਲਾਮ (ਸ਼ਬਦ) ਮੂਲ-ਰੂਪ ਵਿਚ ਉਪਲਬਧ ਨਹੀਂ। ਪਰ ਸਿਖ ਧਰਮ ਨੂੰ ਇਹ ਗੌਰਵ ਹਾਸਲ ਹੈ ਕਿ ਉਸ ਦੇ ਸਿਖ-ਪੁਤਰਾਂ ਪਾਸ ਸਤਿਗੁਰਾਂ ਵਲੋਂ ਸੰਚਿਤ ਕੀਤਾ ਤੇ ਬਖਸ਼ਿਆ ਸ਼ਬਦ-ਖਜ਼ਾਨਾ ਮੂਲ-ਰੂਪ ਵਿਚ ਪ੍ਰਾਪਤ ਹੈ।

੩. ਸ਼ਬਦ-ਬ੍ਰਹਮ ਦਾ ਸੰਕਲਪ ਭਾਵੇਂ ਕੁਝ ਕੁ ਭਾਰਤੀ ਧਰਮਾਂ ਵਿਚ ਕਾਫ਼ੀ ਪੁਰਾਣਾ ਹੈ, ਪਰ ਵਿਵਹਾਰਕ ਤੌਰ ਤੇ ਕਿਸੇ ਧਰਮ ਵਿਚੋਂ ਇਸ ਦਾ ਪ੍ਰਤੱਖ ਪ੍ਰਮਾਣ ਨਹੀਂ ਮਿਲਦਾ। ਇਸ ਦੇ ਮੁਕਾਬਲੇ ਤੇ ਸਿਖ ਧਰਮ ਵਿਚ ਸਿਧਾਂਤਕ ਅਤੇ ਵਿਵਹਾਰਕ, ਦੋਹਾਂ ਪਖਾਂ ਤੋਂ ਸ਼ਬਦ ਦੀ ਗੁਰਤਾ ਨੂੰ ਸਵੀਕਾਰ ਕੀਤਾ ਹੋਇਆ ਹੈ।

੪. ਵਿਚਾਰ ਅਧੀਨ ਲੇਖ ਦਾ ਮੰਤਵ ਗੁਰਬਾਣੀ ਵਿਚ ਵਰਤੇ 'ਸ਼ਬਦ' ਪਦ ਦੇ ਸੰਕਲਪ ਬਾਰੇ ਵਿਚਾਰ ਕਰਨਾ ਹੈ। ਇਹ ਵਿਚਾਰ ਅਤਿ-ਲੋੜੀਂਦੀ ਹੈ ਤੇ ਸਿਖ ਸੰਸਥਾਵਾਂ ਨੂੰ ਸਮੇਂ ਸਮੇਂ ਉਚੇਚੇ ਤੌਰ ਤੇ ਅਜਿਹਾ ਉਦਮ ਕਰਦੇ ਰਹਿਣਾ ਚਾਹੀਦਾ ਹੈ। ਏਸ ਤਰ੍ਹਾਂ ਸਿਧਾਂਤ ਬੇਹਾ ਨਹੀਂ ਹੁੰਦਾ, ਸਗੋਂ ਸਦਾ ਸੱਜਰਾ ਤੇ ਨਰੋਆ ਰਹਿੰਦਾ ਹੈ।

## 'ਸ਼ਬਦ' ਦੀ ਪ੍ਰੀਭਾਸ਼ਾ

੫. 'ਸ਼ਬਦ' ਬਹੁ-ਅਰਥਕ ਪਦ ਹੈ ਅਤੇ ਗੁਰਬਾਣੀ ਵਿਚ ਵਖ ਵਖ ਥਾਈਂ ਵਖ ਵਖ ਅਰਥਾਂ ਵਿਚ ਵਰਤਿਆ ਮਿਲਦਾ ਹੈ।

(ੳ) ਸਬਦ—ਅਵਾਜ਼, ਬੋਲ, ਨਾਦ, ਧੁਨੀ

ਚਾਤ੍ਰਿਕ 'ਸਬਦ' ਸੁਨਿ ਅਖੀਆ ਉਘਰ ਗਈ ਭਈ ਜਲ ਮੀਨ ਗਤਿ ਬਿਰਹ ਜਗਾਏ ਹੈਂ ॥

(੨੦੫, ਕਬਿੱਤ ਸਵੱਯੇ ਭਾਈ ਗੁਰਦਾਸ ਜੀ)

(ਅ) ਸ਼ਬਦ—ਕੁਝ ਪਦਿਆਂ ਦਾ ਭਾਵ-ਸੰਗ੍ਰਹਿ

ਮਾਰੂ ਰਾਗ ਵਿਚ ਮਹਲਾ ੧ ਘਰੁ ੧ ਦੇ ਅੰਕ ਨੰਬਰ ੪॥੧॥ ਅਤੇ ੪॥੫॥ ਵਾਲੇ ਚਉਪਦਿਆਂ ਦੀਆਂ ਪਹਿਲੀਆਂ ਦੋ ਦੋ ਤੁਕਾਂ ਦਾ ਸਿਰਲੇਖ 'ਸਲੋਕ' ਅਤੇ ਬਾਕੀ ਪਦਿਆਂ ਦਾ ਸਿਰਲੇਖ 'ਸਬਦ' ਹੈ।

(ੲ) ਸਬਦ—ਕੁਝ ਅਖਰਾਂ ਦਾ ਸਾਰਥਕ ਸੰਗ੍ਰਹਿ (*word*)

ਵਿਆਕਰਣ ਵਿਚ ਕੁਝ ਅੱਖਰਾਂ ਅਤੇ ਲਗਾਂ ਦੇ ਸਾਰਥਕ ਸੰਗ੍ਰਹਿ ਨੂੰ ਵੀ 'ਸਬਦ' ਕਿਹਾ ਜਾਂਦਾ ਹੈ।

(ਸ) ਸਬਦ—ਪਰਸਪਰ ਗਲਬਾਤ, ਚਰਚਾ

'ਸਬਦੈ' ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥੭੨॥ ਸਿਧ ਗੋਸਟਿ (੯੪੬)

ਸਬਦੇ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ ॥੧,੩੬॥ (੪੨੯)



www.AKJ.Org

(ਹ) ਸਬਦ–ਧਰਮ, ਫ਼ਰਜ਼
ਜੋਗ 'ਸਬਦੰ' ਗਿਆਨ ਸਬਦੰ ॥ ਬੇਦ 'ਸਬਦੰ' ਤ ਬ੍ਰਾਹਮਣਹ ॥
ਖਤ੍ਰੀ 'ਸਬਦੰ' ਸੂਰ ਸਬਦੰ ॥ ਸੂਦ੍ਰ 'ਸਬਦੰ' ਪਰਾਕ੍ਰਿਤਹ ॥ ੩, ਸ. ਸ (੧੩੫੩)

(ਕ) ਸਬਦ–ਜ਼ਿੰਦਗੀ ਦਾ ਰਸਤਾ ਜਾਂ ਤਰੀਕਾ
ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥ ਤਿਸੁ ਘੜੀਐ 'ਸਬਦੁ' ਸਚੀ ਟਕਸਾਲੀ ॥ ੨,੩ (੧੧੩੪)
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ 'ਸਬਦੁ' ਸਚੈ ਸਵਾਰਿਆ ॥ ੭, ਅਨੰਦੁ (੯੧੭)

(ਖ) ਸਬਦ–ਸੁਨੇਹਾ
ਧਨ ਵਾਂਢੀ ਪਿਰ ਦੇਸ ਨਿਵਾਸੀ ਸਚੇ ਗੁਰ ਪਹਿ 'ਸਬਦੁ' ਪਠਾਈਂ ॥ ੫,੧ (੧੨੭੩)

(ਗ) ਸਬਦ–ਬ੍ਰਹਮ
ਸਭ ਇਕੋ 'ਸਬਦੁ' ਵਰਤਦਾ ਜੋ ਕਰੇ ਸੁ ਹੋਈ ॥ ਪਉੜੀ ੨੯ ॥ (੯੫੪)
ਤਿਹੁ ਲੋਕਾ ਮਹਿ 'ਸਬਦੁ' ਰਵਿਆ ਹੈ ਆਪੁ ਗਇਆ ਮਨੁ ਮਾਨਿਆ ॥ ੨,੧੦(੩੫੧)

(ਘ) ਸਬਦ–ਗੁਰ-ਉਪਦੇਸ਼
'ਸਬਦੇ' ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ ॥
ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥ ਸਲੋਕ ੨,੪ (੬੪੪)

(ਙ) ਸਬਦ–ਹੁਕਮ, ਵਿਆਪਕ-ਸਤਾ
ਉਤਪਤਿ ਪਰਲਉ 'ਸਬਦੇ' ਹੋਵੈ ਸਬਦੇ ਹੀ ਫਿਰਿ ਓਪਤਿ ਹੋਵੈ ॥ ੧,੧੪ (੧੧੭)

(ਚ) ਸਬਦ–ਗੁਰ-ਮੰਤਿਰ, ਗੁਰ-ਦੀਖਿਆ, ਨਾਮ
ਸਤਿਗੁਰ 'ਸਬਦੁ' ਦੇਇ ਰਿਦ ਅੰਤਰਿ ਮੁਖਿ ਅੰਮ੍ਰਿਤ ਨਾਮੁ ਚੁਆਵੈਗੋ ॥ ੧,੫ (੧੩੧੧)

(ਛ) ਸਬਦ–ਗੁਰੂ
ਸਬਦੁ ਗੁਰੂ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥ ੮,੧ (੬੩੪)

੫.੨ 'ਸ਼ਬਦ' ਪਦ ਦੇ ਉਪ੍ਰੋਕਤ ਅਰਥਾਂ ਦਾ ਸਮੁਚੇ ਤੌਰ ਤੇ ਸਾਰੰਸ਼ ਇਹ ਹੈ ਕਿ 'ਸ਼ਬਦ' ਹੀ ਬ੍ਰਹਮ ਹੈ, 'ਸ਼ਬਦ' ਹੀ ਬ੍ਰਹਮ-ਸਤਾ ਅਥਵਾ ਹੁਕਮ ਹੈ, 'ਸ਼ਬਦ' ਹੀ ਗੁਰਮੰਤਰ, ਗੁਰਦੀਖਿਆ ਅਥਵਾ ਨਾਮ ਹੈ, ਸ਼ਬਦ ਹੀ ਗੁਰ-ਉਪਦੇਸ਼ ਅਥਵਾ ਗੁਰੂ-ਗਿਆਨ ਹੈ ਅਤੇ 'ਸ਼ਬਦ' ਹੀ ਗੁਰੂ ਹੈ ।

੫.੩ ਸ਼ਬਦ-ਬ੍ਰਹਮ ਨੇ ਸਾਰੀ ਪਰਕਿਰਤੀ ਸ਼ਬਦ ਦੁਆਰਾ ਰਚੀ ਹੈ, ਪਰਕਿਰਤੀ ਦੀ ਸਾਰੀ ਖੇਡ ਸ਼ਬਦ ਦੁਆਰਾ ਹੀ ਚਲ ਰਹੀ ਹੈ, ਅਤੇ ਸ਼ਬਦ ਦੁਆਰਾ ਹੀ ਇਹ ਜਗਤ-ਖੇਡ ਸਮੇਟੀ ਜਾਂਦੀ ਹੈ । ਭਾਵ ਇਹ ਹੈ ਕਿ ਨਿਰਗੁਣ-ਬ੍ਰਹਮ ਦੇ ਸਰਗੁਣੀ ਜ਼ਹੂਰ (ਪ੍ਰਕਾਸ਼) ਦਾ ਮਾਧਿਅਮ 'ਸ਼ਬਦ' ਹੈ। ਦੂਜੇ ਪਾਸੇ ਸਰਗੁਣੀ ਜੀਵਾਂ ਨੂੰ ਨਿਰਗੁਣ-ਬ੍ਰਹਮ ਵਿਚ ਲੀਨ ਕਰਨ ਲਈ ਵੀ 'ਸ਼ਬਦ' ਹੀ ਵਸੀਲਾ ਹੈ; ਗੁਰਵਾਕ :–

ਅਦ੍ਰਿਸਟੁ ਅਗੋਚਰੁ ਪਕੜਿਆ 'ਗੁਰਸਬਦੀ' ਹਉ ਸਤਿਗੁਰ ਕੈ ਬਲਿਹਾਰੀਐ ॥ ੪,੧ (੧੧੧੩-੧੪)

੫.੪ ਸ਼ਬਦ' ਅਤੇ 'ਨਾਮ' ਪ੍ਰਿਯ-ਵਾਚੀ ਪਦ ਹਨ ਅਤੇ ਗੁਰਦੀਖਿਆ (ਗੁਰਮੰਤਰ) ਵਲ ਸੰਕੇਤ ਕਰਦੇ ਹਨ, ਪਰ ਗੁਰਬਾਣੀ ਵਿਚ ਕਈ ਥਾਵੀਂ 'ਨਾਮ' ਅਤੇ ਸ਼ਬਦ ਦੋਵੇਂ ਪਦ ਇਕੱਠੇ ਵਰਤੇ ਮਿਲਦੇ ਹਨ, ਜਿਵੇਂ :–

(ੳ) ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ ॥ ੨,੪੩ (੩੦)
(ਅ) ਸਾਚਾ ਨਾਮੁ ਸਾਚੈ ਸਬਦਿ ਜਾਣੈ ॥ ੫,੩ (੮੩੩)
(ੲ) ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥ ੨,੨੨ (੧੦੧)

ਉਪ੍ਰੋਕਤ ਤੁਕਾਂ ਵਿਚ 'ਨਾਮੁ' ਪਦ ਗੁਰਮੰਤਰ ਅਥਵਾ ਗੁਰਦੀਖਿਆ ਦਾ ਵਾਚਕ ਹੈ ਅਤੇ 'ਸ਼ਬਦ' ਪਦ ਗੁਰ-ਉਪਦੇਸ਼ ਅਥਵਾ ਗੁਰ-ਸਿਖਿਆ ਵਲ ਸੰਕੇਤ ਕਰਦਾ ਹੈ। ਦੀਖਿਆ ਜੀਵਨ ਵਿਚ ਕੇਵਲ ਇਕ ਵਾਰੀ


www.AKJ.Org

ਦਿਤੀ ਜਾਂਦੀ ਹੈ, ਸਿਖਿਆ ਨਿਤਾ ਪ੍ਰਤਿ ਮਿਲਦੀ ਹੈ ।

## 6. ਸ਼ਬਦ-ਗੁਰੂ

ਸਿਖ ਧਰਮ ਦੇ ਅਰੰਭ ਕਾਲ ਤੋਂ ਹੀ ਸ਼ਬਦ ਦੀ ਗੁਰਤਾ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਗਿਆ ਹੈ। ਗੁਰਬਾਣੀ ਤੋਂ ਸੋਝੀ ਮਿਲਦੀ ਹੈ ਕਿ ਨਿਰਗੁਣ-ਬ੍ਰਹਮ ਨੇ ਆਪਣਾ ਸ਼ਬਦ-ਆਪਾ ਗੁਰੂ ਨਾਨਕ ਦੇਵ ਜੀ ਵਿਚ ਸਮੋ ਦਿਤਾ ਤੇ ਇਸ ਤਰ੍ਹਾਂ ਆਪ ਜੀ ਨੂੰ ਸ਼ਬਦ ਦੀ ਥਾਪਣਾ ਦੇ ਕੇ ਸ਼ਬਦ-ਟਕਸਾਲ ਸੰਸਾਰ ਤੇ ਸਥਾਪਤ ਕੀਤੀ :

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ॥
ਸਚੇ ਹੀ ਪਤੀਆਇ ਸਚਿ ਸਮਾਇਆ ॥ ਪਉੜੀ, ੨, (੧੨੭੯)
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ ਪਉੜੀ, ੬ (੪੬੬)

ਖਸਮ-ਪ੍ਰਭੂ ਨਾਲ ਇਸ ਰਹਸ-ਮਈ ਸੰਜੋਗ ਦੀ ਵਿਥਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਝ ਕੀ ਵਾਰ ਵਿਚ ਵਰਨਣ ਕੀਤੀ ਹੋਈ ਹੈ :

ਢਾਢੀ ਸਚੈ ਮਹਲਿ ਖਸਮਿ ਬੁਲਾਇਆ ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ ॥
ਢਾਢੀ ਕਰੇ ਪਸਾਉ 'ਸਬਦੁ' ਵਜਾਇਆ ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ ॥੨੭॥ (੧੫੦)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੰਘ-ਨਾਦ ਵਜਾਅ ਕੇ ਸੰਸਾਰ ਉਤੇ ਸ਼ਬਦ-ਗੁਰੂ ਦਾ ਢੰਢੋਰਾ ਦਿਤਾ ਅਤੇ ਅਧਿਕਾਰੀ ਜਗਿਆਸੂਆਂ ਨੂੰ ਸ਼ਬਦ ਜਾਗ ਲਾ ਕੇ ਜੀਅ-ਦਾਨ ਦਿਤਾ। ਇਹ ਸਿਲਸਿਲਾ ਨਿਰੰਤਰ ਚਲ ਰਿਹਾ ਹੈ।

੬.੧ ਗੁਰੂ-ਬਾਬਾ ਜੀ ਦੀ ਜਦੋਂ ਸਿਧ-ਮੰਡਲੀ ਨਾਲ ਭੇਟ ਹੋਈ ਤਾਂ ਵਿਚਾਰ-ਗੋਸ਼ਟੀ ਵਿਚ ਸਿਧਾਂ ਨੇ ਜਿਥੇ ਹੋਰ ਕਈ ਪ੍ਰਸ਼ਨ ਕੀਤੇ ਓਥੇ ਇਕ ਪ੍ਰਸ਼ਨ ਇਹ ਵੀ ਕੀਤਾ "ਆਪ ਦਾ ਗੁਰੂ ਕਿਹੜਾ ਹੈ ?" ਸਵਾਲ ਇਹ ਸੀ :—

ਕਵਣ ਮੂਲੁ ਕਵਣ ਮਤਿ ਵੇਲਾ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥ ੪੩, ਸਿਧ ਗੋਸਟਿ (੯੪੩)

ਸਤਿਗੁਰੂ ਜੀ ਨੇ ਬੜੀ ਗੰਭੀਰਤਾ ਤੇ ਦ੍ਰਿੜ੍ਹਤਾ ਨਾਲ ਉਤਰ ਦਿਤਾ :—

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥੪੪, ਸਿਧ ਗੋਸਟਿ (੯੪੩)

ਸਤਿਗੁਰੂ ਵਲੋਂ ਦਿਤਾ ਉਤਰ ਬਿਲਕੁਲ ਸਪਸ਼ਟ ਹੈ ਕਿ 'ਸ਼ਬਦ' ਮੇਰਾ ਗੁਰੂ ਹੈ ਅਤੇ ਮੇਰੀ 'ਸੁਰਤਿ' ਉਸ ਸ਼ਬਦ ਦੀ ਧੁਨੀ ਦਾ ਚੇਲਾ ਹੈ।

### 'ਗੁਰੂ' ਤੇ 'ਚੇਲੇ' ਦਾ ਰਹਸ/ਸ਼ਬਦ-ਸੁਰਤਿ ਦਾ ਪਰਚਾ

੬.੨ 'ਗੁਰੂ' ਅਤੇ 'ਚੇਲੇ' ਬਾਰੇ ਸੰਸਾਰ ਦੇ ਧਾਰਮਿਕ ਖੇਤਰ ਵਿਚ ਬੜੀ ਚਰਚਾ ਹੈ। ਇਸ ਬਾਰੇ ਸਿਖ ਧਰਮ ਦਾ ਦ੍ਰਿਸ਼ਟੀ-ਕੋਣ ਬਿਲਕੁਲ ਵਿਲੱਖਣ ਹੈ। ਜੇ ਮਿਟੀ ਦਾ ਮਟੂਨ ਹੀ ਗੁਰੂ ਹੋਵੇ ਅਤੇ ਮਿਟੀ ਦਾ ਮਟੂਨ ਹੀ ਚੇਲਾ ਹੋਵੇ ਤਾਂ ਇਸ ਵਿਚ ਗੁਰੂ ਦੀ ਚੇਲੇ ਨਾਲੋਂ ਕੀ ਵਿਸ਼ੇਸ਼ਤਾ ?

ਸਿਖ ਸਿਧਾਂਤ ਅਨੁਸਾਰ ਗੁਰੂ 'ਸ਼ਬਦ' ਹੈ ਅਤੇ ਚੇਲਾ 'ਸੁਰਤਿ'। 'ਸ਼ਬਦ' ਅਤੇ 'ਸੁਰਤਿ' ਦੋਵੇਂ ਸੂਖਮ ਹਨ। ਇਸ ਸਿਧਾਂਤ ਦੀ ਵਿਲੱਖਣਤਾ ਇਹ ਹੈ ਕਿ ਚੇਲਾ (ਸੁਰਤਿ) ਆਪਾ-ਭਾਵ ਗਵਾ ਕੇ, ਅਰਥਾਤ, ਅਫੁਰ ਹੋ ਕੇ ਜਦੋਂ ਗੁਰੂ (ਸ਼ਬਦ) ਵਿਚ ਲੀਨ ਹੁੰਦਾ ਹੈ ਤਾਂ ਗੁਰੂ (ਸ਼ਬਦ) ਦਾ ਹੀ ਰੂਪ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਗੁਰੂ ਅਤੇ ਚੇਲੇ ਦੀ ਸੰਧ ਮਿਲ ਜਾਂਦੀ ਹੈ ਤੇ ਦੋਵੇਂ ਇਕ-ਰੂਪ ਹੋ ਜਾਂਦੇ ਹਨ।

ਅਧਿਆਤਮਵਾਦ ਦੀ ਗਾਥਾ ਸ਼ਬਦ ਸੁਰਤਿ ਦੇ ਪਰਚੇ ਤੋਂ ਹੀ ਅਰੰਭ ਹੁੰਦੀ ਹੈ। ਜਿੰਨੀ ਦੇਰ ਤਕ ਜਗਿਆਸੂ ਦੀ ਸੁਰਤੀ ਸ਼ਬਦ ਵਿਚ ਨਹੀਂ ਜੁੜਦੀ, ਓਨੀ ਦੇਰ ਗੁਰੂ ਅਤੇ ਚੇਲੇ ਦਾ ਰਿਸ਼ਤਾ ਹੀ ਕਾਹਦਾ ? 'ਸ਼ਬਦ' ਅੰਮ੍ਰਿਤ-ਕਲਾ ਸੰਪੰਨ ਹੈ, ਪਰ ਸ਼ਬਦ ਦੀ ਪਾਰਾ-ਰਸਾਇਣੀ-ਕਲਾ ਜੀਵ ਦੇ ਅੰਦਰ ਓਦੋਂ ਹੀ ਵਰਤਦੀ ਹੈ ਜਦੋਂ ਉਸ ਦੀ ਸੁਰਤੀ ਸ਼ਬਦ ਵਿਚ ਲਿਵਲੀਨ ਹੁੰਦੀ ਹੈ। ਰਸ-ਪ੍ਰਾਇਣ ਹੋਈ ਸੁਰਤੀ ਸ਼ਬਦ-


www.AKJ.Org

ਲੀਨਤਾ ਅਭਿਆਸ ਦੁਆਰਾ ਸਨੇ ਸਨੇ ਪਰਪੱਕ ਹੋ ਜਾਂਦੀ ਹੈ। ਜਦੋਂ ਸੁਰਤੀ ਵਿਚੋਂ ਫੁਰਨੇ ਦਾ ਪੂਰਨ ਤੌਰ ਤੇ ਅਭਾਵ ਹੋ ਜਾਂਦਾ ਹੈ ਤਾਂ ਸੁਰਤੀ ਸ਼ਬਦ ਦੀ ਬਰਕਤ ਨਾਲ ਗਗਨ-ਮੰਡਲ (ਦਸਮ ਦੁਆਰ) **ਵਿਚ ਜਾ ਖੇਡਦੀ** ਹੈ ਤੇ 'ਅਨਹਦ-ਸ਼ਬਦ' ਦਾ ਅਨੰਦ ਮਾਣਦੀ ਹੈ :

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ੨,੧੨ (੧੦੦੨)

ਕਲਗੀਧਰ ਪਾਤਸ਼ਾਹ ਜੀ ਨੇ ਜੋਤੀ ਜੋਤਿ ਸਮਾਵਣ ਸਮੇਂ ਗੁਰਸਿਖਾਂ ਪ੍ਰਤੀ ਸੂਤਰ ਰੂਪ ਵਿਚ ਜੋ ਰਹਸ-ਮਈ ਬਚਨ ਕੀਤਾ ਉਸ ਵਿਚ 'ਪਰਚਾ ਸ਼ਬਦ ਕਾ' ਦਾ ਵਿਸ਼ੇਸ਼ ਅਸਥਾਨ ਹੈ। ਗੁਰਮਤਿ ਸਿਧਾਂਤ ਦਾ ਸਪਸ਼ਟ ਨਿਰਣਾ ਹੈ ਕਿ ਸ਼ਬਦ ਸੁਰਤਿ ਦੇ ਪਰਚੇ ਬਗ਼ੈਰ ਜੀਵ ਦਾ ਜਨਮ ਮਰਨ ਦਾ ਗੇੜਾ ਮੁਕਦਾ ਹੀ ਨਹੀਂ; ਗੁਰਵਾਕ :—

ਸਾਕਤ ਨਰਿ ਸਬਦਿ ਸੁਰਤਿ ਕਿਉ ਪਾਈਐ ॥
ਸਬਦੁ ਸੁਰਤਿ ਬਿਨੁ ਆਈਐ ਜਾਈਐ ॥ ੧੦,੨੧ (੧੦੪੨)

ਗੁਰਮਤਿ ਦੇ ਲਾਸਾਨੀ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਪ੍ਰੋਕਤ ਸਿਧਾਂਤ ਦੀ ਵਿਆਖਿਆ ਆਪਣੀ ਰਚਨਾ ਵਿਚ ਇਉਂ ਕੀਤੀ ਹੈ :

ਸਬਦੁ ਗੁਰੂ ਗੁਰ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ ॥ ਵਾਰ ੭, ਪਉੜੀ ੨੦

## ਜੋਗ-ਮਤ ਅਤੇ ਗੁਰਮਤਿ ਦਾ ਸ਼ਬਦ-ਸੰਕਲਪ ਬਾਰੇ ਫ਼ਰਕ

੬.੩ ਜੋਗ ਮਤ ਦੇ ਧਾਰਮਿਕ ਸਾਹਿਤ ਵਿਚ ਵੀ ਸ਼ਬਦ ਸੁਰਤਿ ਦੀ ਚਰਚਾ ਕੀਤੀ ਮਿਲਦੀ ਹੈ, ਪਰ ਗੁਰਮਤਿ ਦੇ 'ਸ਼ਬਦ' ਦਾ ਸੰਕਲਪ ਜੋਗ ਮਤ ਦੇ 'ਸ਼ਬਦ' ਦੇ ਸੰਕਲਪ ਤੋਂ ਵਿਭਿੰਨ ਅਤੇ ਵਿਲੱਖਣ ਹੈ। ਜੋਗ ਮਤ ਵਾਲੇ ਸ਼ਬਦ ਨੂੰ ਅਨਾਦੀ ਅਤੇ ਬ੍ਰਹਮ ਤੋਂ ਸੁਤੰਤਰ ਮੰਨਦੇ ਹਨ, ਪਰ ਗੁਰਮਤਿ ਦਾ 'ਸ਼ਬਦ' ਬ੍ਰਹਮ ਦੀ ਹੀ ਅੰਸ਼ ਹੈ ਅਤੇ ਬ੍ਰਹਮ ਨੂੰ ਸਾਖਿਆਤਕਾਰ ਕਰਨ ਦਾ ਪ੍ਰਮੁਖ ਵਸੀਲਾ ਵੀ।

ਪਤੰਜਲੀ ਦੇ ਮਹਾਭਾਸ਼ਯ ਵਿਚ 'ਸ਼ਬਦ' ਦਾ ਦਸਿਆ ਲਛਣ ਇਸ ਪ੍ਰਕਾਰ ਹੈ :

"ਕੰਨਾਂ ਦੁਆਰਾ ਸੁਣਿਆ ਜਾਣ ਵਾਲਾ, ਬੁੱਧੀ ਦੁਆਰਾ ਸਮਝਿਆ ਜਾਣ ਵਾਲਾ ਅਤੇ ਵਰਤੋਂ ਵਿਹਾਰ ਵਿਚ ਪ੍ਰਚਲਤ—ਅਕਾਸ਼ ਜਿਸਦਾ ਅਸਥਾਨ ਹੈ, ਉਹ ਸ਼ਬਦ ਹੈ।"

ਜੋਗ ਮਤ ਵਾਲਿਆਂ ਦੀ ਇਹ ਧਾਰਨਾ ਹੈ ਕਿ "ਜਦ ਤਕ ਸ਼ਬਦ ਸੁਣੀਂਦਾ ਹੈ, ਅਕਾਸ਼ ਦਾ ਸੰਕਲਪ ਨਹੀਂ ਹਟ ਸਕਦਾ। ਅਸਾਂ ਨਿਰ-ਸ਼ਬਦ ਅਵਸਥਾ ਵਿਚ ਜਾਣਾ ਹੈ, ਜੋ ਸ਼ਬਦ ਦੀ ਸ਼ਕਲ ਵਿਚ ਸੁਣੀਂਦਾ ਹੈ ਉਹ ਸ਼ਕਤੀ ਹੈ (ਮਾਦੀ ਹੈ), ਅਸਾਂ ਇਸ ਅਵਸਥਾ ਤੋਂ ਉਤੇ ਜਾਣਾ ਹੈ। ਇਸ ਲਈ, ਸਮਾਧੀ ਵਿਚ ਸ਼ਬਦ ਨੂੰ ਛਡਣਾ ਪਏਗਾ।" (ਗੁਰਮਤਿ ਨਿਰਣਯ, ਭਾ. ਜੋਧ ਸਿੰਘ, ਪੰ: ੨੧੬)

"ਜਦ ਤੀਕ ਅਨਾਹਤ ਸ਼ਬਦ ਸੁਣੀਂਦਾ ਹੈ, ਅਕਾਸ਼ ਦਾ ਸੰਕਲਪ ਰਹਿੰਦਾ ਹੈ। ਜੋ ਸ਼ਬਦ ਤੋਂ ਰਹਿਤ ਹੈ ਉਸ ਨੂੰ ਪਾਰਬ੍ਰਹਮ ਤੇ ਪਰਮਾਤਮਾ ਕਹਿੰਦੇ ਹਨ।"

(ਹਠ ਜੋਗ ਪਰਦੀਪਕਾ ਚੌਥਾ ਉਪਦੇਸ਼, ਹਵਾਲਾ ਪੰਨਾ ੨੧੪ ਗੁਰਮਤਿ ਨਿਰਨਯ)

ਗੁਰਮਤਿ ਦਾ ਸ਼ਬਦ ਬਾਰੇ ਸੰਕਲਪ ਜੋਗ ਮਤ ਦੇ ਸੰਕਲਪ ਤੋਂ ਵਿਲੱਖਣ ਹੈ। ਗੁਰਮਤਿ ਅਨੁਸਾਰ 'ਸ਼ਬਦ' ਪਰਮ-ਸਤਿ ਅਤੇ ਪਰਮ-ਤਤ ਹੈ, ਜਿਸ ਤੋਂ ਪੰਜੇ ਤਤ ਅਤੇ ਸਾਰੀ ਪੰਜ-ਭੂਤਕ ਰਚਨਾ ਉਪਜੀ ਹੈ :

ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰ ਓਪਤਿ ਹੋਵੈ ॥ (੧੧੭)

'ਸ਼ਬਦ' ਬ੍ਰਹਮ ਦੀ ਅੰਸ਼ ਹੈ, ਬ੍ਰਹਮ ਤੋਂ ਸੁਤੰਤਰ ਅਤੇ ਅਨਾਦੀ ਨਹੀਂ।

ਸਤਿਗੁਰਾਂ ਨੇ ਸਿਧਾਂ ਨਾਲ ਸ਼ਬਦ ਬਾਰੇ ਗਿਆਨ-ਚਰਚਾ ਕੀਤੀ। ਕਿਉਂਕਿ ਸ਼ਬਦ ਦੇ ਸੰਕਲਪ ਬਾਰੇ ਸਿਧਾਂ ਅਤੇ ਗੁਰੂ ਜੀ ਦੇ ਵਿਚਾਰਾਂ ਦਾ ਵਖੇਵਾਂ ਸੀ, ਇਸ ਲਈ ਸਿਧਾਂ ਨੇ ਗੁਰਮਤਿ-ਸ਼ਬਦ ਬਾਰੇ ਗੁਰੂ ਜੀ ਤੋਂ ਕਈ ਸਵਾਲ ਪੁਛੇ। ਸਿਧਾਂ ਦੇ ਪ੍ਰਸ਼ਨ ਅਤੇ ਗੁਰੂ ਜੀ ਦੇ ਉਤਰ 'ਸਿਧ-ਗੋਸਟਿ' ਨਾਮ ਦੀ ਬਾਣੀ ਵਿਚ ਅੰਕਿਤ ਮਿਲਦੇ ਹਨ, ਜੋ ਇਸ ਪ੍ਰਕਾਰ ਹਨ :



www.AKJ.Org

**ਪ੍ਰਸ਼ਨ** : **ਸੁ ਸਬਦ** ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ ॥ ੫੮-ਪੰਨਾ ੯੪੪
**ਉੱਤਰ** : **ਸੁ ਸਬਦ** ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ ॥ ੫੯—ਪੰਨਾ ੯੪੪
**ਪ੍ਰਸ਼ਨ** : ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ ॥ ੬੪—ਪੰਨਾ ੯੪੫
**ਉੱਤਰ** : ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ ॥ ੬੫—ਪੰਨਾ ੯੪੫
**ਪ੍ਰਸ਼ਨ** : ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ ॥ ੬੬—ਪੰਨਾ ੯੪੫
**ਉੱਤਰ** : ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ ॥ ੬੭—ਪੰਨਾ ੯੪੫

ਉਪ੍ਰੋਕਤ ਉਤਰਾਂ ਵਿਚ ਸਤਿਗੁਰਾ ਨੇ 'ਬ੍ਰਹਮ' ਅਤੇ ਉਸਦੇ 'ਸ਼ਬਦ' ਦੀ ਪਰਸਪਰ ਅਭੇਦਤਾ ਨੂੰ ਉਜਾਗਰ ਕੀਤਾ ਹੈ। 'ਬ੍ਰਹਮ' ਅਥਵਾ 'ਗੁਰੂ' ਅਤੇ 'ਸ਼ਬਦ' ਦੀ ਓਤ-ਪੋਤੀ ਇਕਮਿਕਤਾ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬੀਜ ਅਤੇ ਬਿਰਖ, ਬਾਸ ਅਤੇ ਬਾਵਨ, ਕਾਸਟ ਅਤੇ ਅਗਨਿ ਦੀ ਓਤ-ਪੋਤੀ ਅਭੇਦਤਾ ਦੀਆਂ ਉਦਾਹਰਣਾਂ ਦੇ ਕੇ ਭਲੀ ਪਰਕਾਰ ਸਮਝਾਇਆ ਹੈ :—

ਜੈਸੇ ਫਲ ਸੈ ਬਿਰਖ ਬਿਰਖ, ਸੈ ਹੋਤ ਫਲ, ਅਦਭੁਤ ਗਤਿ ਕਛੁ ਕਹਨਿ ਨ ਆਵੈ ਜੀ ॥
ਜੈਸੇ ਬਾਸੁ ਬਾਵਨ ਮੈਂ, ਬਾਵਨ ਹੈ ਬਾਸੁ ਬਿਖੈ, ਬਿਸਮ ਚਰਿਤ੍ਰ ਕੋਊ ਮਰਮ ਨ ਪਾਵੈ ਜੀ ॥
ਕਾਸਟ ਮੈਂ ਅਗਨਿ, ਅਗਨਿ ਮੈਂ ਕਾਸਟ ਹੈ, ਅਤਿ ਅਸਚਰਜ ਹੈ ਕੌਤਕ ਕਹਾਵੈ ਜੀ ॥
ਸਤਿਗੁਰ ਮੈਂ ਸਬਦ, ਸਬਦ ਮੈਂ ਸਤਿਗੁਰ ਹੈ, ਨਿਰਗੁਨ ਸਗੁਨ ਗਯਾਨ ਧਯਾਨ ਸਮਝਾਵੈ ਜੀ ॥

ਗੁਰੂ ਬਾਬੇ ਦੀ ਸਿਧਾਂ ਨਾਲ ਹੋਈ ਗੋਸਟਿ ਦੇ ਫਲਸਰੂਪ ਉਹਨਾਂ ਦੀ ਪੂਰਨ ਤੌਰ ਤੇ ਨਿਸ਼ਾ ਹੋ ਗਈ ਅਤੇ ਉਹਨਾਂ ਨੂੰ ਸ਼ਬਦ ਤੋਂ ਸ਼ਾਂਤੀ ਮਿਲੀ :

ਬਾਬੇ ਕੀਤੀ ਸਿਧ ਗੋਸਟਿ, ਸਬਦਿ ਸਾਂਤਿ ਸਿਧਾ ਵਿਚਿ ਆਈ ॥ (ਵਾਰ ੧, ਪਉੜੀ ੪੪)

ਸ਼ਬਦ ਦੀ ਕਰਾਮਾਤ ਨਾਲ ਗੁਰੂ ਬਾਬੇ ਨੇ ਕੇਵਲ ਸਿਧ-ਮੰਡਲੀ ਉਤੇ ਨਹੀਂ, ਸਗੋਂ ਹੋਰ ਸਾਰੇ ਪੀਰਾਂ, ਫਕੀਰਾਂ ਤੇ ਵਿਜੈ ਪ੍ਰਾਪਤ ਕੀਤੀ ਅਤੇ ਸ਼ਬਦ ਦੀ ਦੋਹੀ ਸਾਰੇ ਸੰਸਾਰ ਤੇ ਫਿਰਾਈ।

## ੭. ਸ਼ਬਦ-ਗੁਰੂ ਤੇ ਦੇਹ-ਧਾਰੀ ਗੁਰੂ

੭.੧ ਗੁਰਮਤਿ ਅਨੁਸਾਰ ਦੇਹ ਅਥਵਾ ਸਰੀਰ ਨੂੰ ਕਦੀ ਵੀ ਗੁਰੂ ਸਵੀਕਾਰ ਨਹੀਂ ਕੀਤਾ ਗਿਆ। ਨਿਰਸੰਦੇਹ, ਸਿਖ ਧਰਮ ਵਿਚ ਦਸੋ ਗੁਰੂ-ਸਾਹਿਬਾਨ ਦੇਹ-ਧਾਰੀ ਸਨ, ਪਰ ਉਹਨਾਂ ਦੀ ਗੁਰਤਾ ਦਾ ਮੂਲ-ਤਤ 'ਸ਼ਬਦ' ਸੀ, ਸਰੀਰ ਨਹੀਂ ਸਾ। ਸਰੀਰ ਦੀ ਅਪਣੀ ਥਾਵੇਂ ਕਾਫ਼ੀ ਮਹੱਤਤਾ ਹੈ। ਸ਼ਬਦ-ਜੋਤਿ ਨੂੰ ਅਗੇ ਹੋਰਨਾਂ ਵਿਚ ਜਗਾਉਣ ਲਈ 'ਸਰੀਰ' ਪ੍ਰਮੁਖ ਵਸੀਲਾ ਹੈ। ਜਿਸ ਦੇਹੀ ਵਿਚ ਸ਼ਬਦ-ਜੋਤਿ ਪੂਰਨ ਤੌਰ ਤੇ ਪਰਦੀਪਤ ਹੋ ਜਾਂਦੀ ਹੈ ਉਹ ਕੰਚਨ-ਵੰਨੀ ਤੇ ਅੰਮ੍ਰਿਤ-ਭਿੰਨੀ ਹੋ ਜਾਂਦੀ ਹੈ, ਪਰ ਦੇਹੀ ਦੀ ਇਹ ਸੋਭਾ ਕੇਵਲ ਸ਼ਬਦ-ਜੋਤਿ ਦੇ ਤੁਫ਼ੈਲ ਹੀ ਹੈ।

ਗੁਰਬਾਣੀ ਵਿਚ ਅਨੇਕ ਥਾਈਂ ਸਰੀਰ (ਕਾਇਆਂ, ਦੇਹੀ) ਦੀ ਤੁੱਛਤਾ ਨਿਰੂਪਨ ਕੀਤੀ ਹੋਈ ਹੈ :

ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ ॥ ਸਲੋਕ, ੧,੭ (੫੧੧)
ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥ ੧,੧੩ (੧੫੪)

ਫਿਰ ਇਹ ਪੰਜ-ਭੂਤਕੀ ਕਾਇਆਂ ਗੁਰੂ ਕਿਵੇਂ ਹੋ ਸਕਦੀ ਹੈ? ਗੁਰੂ ਤਾਂ ਵਾਸਤਵ ਵਿਚ ਸ਼ਬਦ ਹੈ, ਜਿਸ ਦੀ ਪ੍ਰਾਪਤੀ ਅਤੇ ਕਮਾਈ ਦੇ ਤੁਫ਼ੈਲ ਕਾਇਆਂ ਵੀ ਸਤਿਕਾਰ ਜੋਗ ਹੋ ਨਿਬੜਦੀ ਹੈ।

ਸਿਖ-ਪੁਤਰਾਂ ਨੂੰ ਇਸ ਸੰਬੰਧੀ ਪ੍ਰਬੰਧ ਕਰਨ ਲਈ ਸਤਿਗੁਰਾਂ ਨੇ ਗੁਰਬਾਣੀ ਦੁਆਰਾ 'ਦੇਹ' ਅਤੇ 'ਸ਼ਬਦ' ਦੋਹਾਂ ਦੀ ਸਮਰੱਥਾ ਬਾਰੇ ਸਪਸ਼ਟ ਕੀਤਾ ਅਤੇ ਐਲਾਨ ਕੀਤਾ ਕਿ ਵਿਕਾਰਾਂ ਤੋਂ ਅਤੇ ਜਨਮ ਮਰਨ ਤੋਂ ਜੀਵਾਂ ਦੀ ਮੁਕਤੀ ਕੇਵਲ ਅਤੇ ਕੇਵਲ ਸ਼ਬਦ ਦੀ ਕਮਾਈ ਦੁਆਰਾ ਹੀ ਸੰਭਵ ਹੈ, ਕਿਸੇ ਪੰਜ-ਭੂਤਕੀ ਸਰੀਰ ਦੇ ਦਰਸ਼ਨ ਤੇ ਪੂਜਾ ਦੁਆਰਾ ਨਹੀਂ :


www.AKJ.Org

ਸਤਿਗੁਰ ਨੋ ਸਭ ਕੋ ਵੇਖਦਾ ਜੇਤਾ ਜਗਤੁ ਸੰਸਾਰੁ ।

ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ਸਲੋਕ ਮ: ੩, ਵਾਰ ਵਡਹੰਸੁ (੫੯੪)

ਸ੍ਰੀ ਗੁਰੂ ਨਾਨਕ ਦੇਵ ਜੀ ਸਜਣ ਠਗ ਕੋਲ ਪੁਜੇ। 'ਸਜਣ' ਨੂੰ ਗੁਰੂ-ਦੇਹ ਦੇ ਦਰਸ਼ਨ ਹੋਏ, ਮਨ ਤੇ ਗੂੜ੍ਹਾ ਪ੍ਰਭਾਵ ਪਿਆ, ਪਰ ਭਰਮ-ਛੌੜ ਕੇਵਲ ਓਦੋਂ ਹੀ ਕਟੇ ਗਏ ਜਦੋਂ ਗੁਰੂ-ਬਾਬੇ ਦਾ ਸ਼ਬਦ-ਬਾਣ ਵੱਜਾ। ਸ਼ਬਦ ਦੀ ਕਰਾਮਾਤ ਸਦਕਾ 'ਸਜਣ', ਠਗ ਤੋਂ ਗੁਰਮੁਖਿ ਹੋ ਨਿਬੜਿਆ।

ਸਿਖਾਂ ਦੀ ਭਗਤ ਮਾਲ ਵਿਚ ਅੰਕਤ ਸਤਿਗੁਰਾਂ ਦੇ ਬਚਨ; ਜੋ ਉਹਨਾਂ ਨੇ ਸੁਇਨੀ ਜਾਤਿ ਦੇ ਦੋ ਗੁਰਸਿਖਾਂ, 'ਪ੍ਰਿਥੀ' ਅਤੇ 'ਖੇੜਾ' ਪ੍ਰਤੀ ਉਚਾਰਨ ਕੀਤੇ, ਏਨੇ ਸਪਸ਼ਟ ਹਨ ਕਿ ਸ਼ਕ ਸ਼ੁਭੇ ਦੀ ਕੋਈ ਗੁੰਜੈਸ਼ ਹੀ ਨਹੀਂ ਰਹਿੰਦੀ। ਉਪ੍ਰੋਕਤ ਦੋਹਾਂ ਗੁਰਸਿਖਾਂ ਨੇ ਬੇਨਤੀ ਕੀਤੀ :

'ਜੀ ਗਰੀਬ ਨਿਵਾਜ ! ਅਸਾਂ ਨੂੰ ਆਪਣੇ ਚਰਨਾਂ ਦੀ ਸਰਨੀ ਰਖੀਏ !' ਬਚਨ ਹੋਇਆ :

'......ਸਰੀਰ ਮੇਰਾ ਸਰਗੁਣ ਅਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ। ਜੇ ਸਰੀਰ ਨਾਲ ਮਿਲੋਗੇ ਤਾਂ ਫਿਰਿ ਭੀ ਵਿਛੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ'। (ਸਿਖਾਂ ਦੀ ਭਗਤਮਾਲ—੨੭)

## ੮. ਪੰਚ ਸ਼ਬਦ-ਅਨਹਦ ਸ਼ਬਦ

੮.੧ ਜੋਗ ਮਤ ਦੇ ਸਾਹਿਤ ਵਿਚ **'ਪੰਚ-ਸ਼ਬਦ'** ਅਤੇ 'ਅਨਹਦ ਸ਼ਬਦ' ਬਾਰੇ ਕਾਫ਼ੀ ਚਰਚਾ ਹੈ। ਗੁਰਬਾਣੀ ਵਿਚ ਵੀ ਇਸ ਸੰਬੰਧੀ ਬਹੁਤ ਪ੍ਰਮਾਣ ਮਿਲਦੇ ਹਨ। ਪਰ ਇਹਨਾਂ ਬਾਰੇ ਜੋਗ ਮਤ ਦਾ ਸੰਕਲਪ ਕੁਝ ਹੋਰ ਹੈ ਅਤੇ ਗੁਰਮਤਿ ਦਾ ਕੁਝ ਹੋਰ।

### ੮.੨ ਜੋਗ ਮਤ ਦਾ ਅਨਾਹਤ ਸ਼ਬਦ ਤੇ ਪੰਚ ਸ਼ਬਦ

ਅਨਾਹਤ ਸ਼ਬਦ—ਜੋਗ ਮਤ ਦੇ ਅਨਾਹਤ ਸ਼ਬਦ ਬਾਰੇ ਭਾਈ ਜੋਧ ਸਿੰਘ ਜੀ 'ਗੁਰਮਤਿ ਨਿਰਣਯ' ਦੇ ਪੰਨਾ ੨੧੫ ਉਤੇ ਲਿਖਦੇ ਹਨ :

"ਪਾਹਲੀ ਗੱਲ ਤਾਂ ਅਸੀਂ ਇਹ ਦਸਣਾ ਚਾਹੁੰਦੇ ਹਾਂ ਕਿ ਅਨਹਤ ਦਾ ਅਰਥ ਯੋਗ ਵਿਚ ਇਹ ਨਹੀਂ ਕਿ ਜੋ ਸ਼ਬਦ ਬਿਨਾਹਿਤ, ਅਰਥਾਤ, ਬਿਨਾਂ ਦੋ ਚੀਜ਼ਾਂ ਦੇ ਟਕਰਾਏ ਸੁਤੇ ਹੀ ਪਿਆ ਹੁੰਦਾ ਹੋਵੇ। ਅਨਾਹਤ ਸਬਦ ਇਸ ਲਈ ਨਾਮ ਰਖਿਆ ਗਿਆ ਹੈ ਕਿਉਂਕਿ ਇਹ ਸ਼ਬਦ ਓਦੋਂ ਪੈਦਾ ਹੁੰਦਾ ਹੈ ਜਦੋਂ ਪ੍ਰਾਨ ਅਨਾਹਤ ਚਕ੍ਰ ਵਿਚ ਹੀ ਬ੍ਰਹਮ-ਗੰਥੀ ਨੂੰ ਵਿੰਨ੍ਹਦੇ ਹਨ। ਹਠ ਯੋਗੀ ਜਾਣਦੇ ਸਨ ਕਿ ਇਹ ਸਾਰੇ ਸ਼ਬਦ ਨਾੜੀਆਂ ਵਿਚੋਂ ਸੁਆਸਾਂ ਦੀ ਰਗੜ ਨਾਲ ਪੈਦਾ ਹੁੰਦੇ ਹਨ।"

ਪੰਚ ਸ਼ਬਦ—ਮਹਾਨ ਕੋਸ਼ ਵਿਚ ਯੋਗੀਆਂ ਦੇ ਕਲਪੇ ਹੋਏ ਪੰਚ ਸ਼ਬਦ ਇਸ ਪ੍ਰਕਾਰ ਦਸੇ ਗਏ ਹਨ :–

੧. 'ਸੰਖ, ਮ੍ਰਿਦੰਗ, ਕਿੰਗੁਰੀ, ਮੁਰਲੀ ਅਤੇ ਵੀਣਾ ਦੀ ਧੁਨਿ'

੨. ਹਠ ਯੋਗ ਪ੍ਰਦੀਪਿਕਾ ਅਨੁਸਾਰ "ਭ੍ਰਮਰਗੁੰਜਾਰ, ਹਵਾ ਭਰੀ ਨਲਕੀ ਦੀ ਧੁਨਿ ਜੇਹਾ ਸ਼ਬਦ, ਘੰਟਾ ਧੁਨਿ, ਸਮੁਦ੍ਰ ਗਰਜਨ ਅਤੇ ਮੇਘ ਦੀ ਗਰਜ"

### ੮.੩ ਗੁਰਮਤਿ ਦੇ 'ਪੰਚ ਸ਼ਬਦ' ਅਤੇ ਅਨਾਹਤ ਸ਼ਬਦ

**੮.੩.੧ ਪੰਚ-ਸ਼ਬਦ**—ਗੁਰਮਤਿ ਦੇ 'ਪੰਚ ਸ਼ਬਦ' ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਦੇ ਪੰਨਾ ੯੧ ਉਤੇ ਲਿਖਦੇ ਹਨ :

"ਗੁਰਮਤਿ ਅੰਦਰ ਗਿਣਤੀ ਦੇ ਪੰਜ ਬਜੰਤਰੀ ਬਾਜਿਆਂ ਦੀ ਧੁਨੀ ਤੋਂ ਉਤਪੰਨੀਆਂ ਪੰਜ ਸ਼ਬਦ ਧੁਨੀਆਂ (ਅਵਾਜ਼ਾਂ) ਦਾ ਵਿਧਾਨ ਨਹੀਂ। ਇਹਨਾਂ ਪੰਜ ਬਾਜਿਆਂ ਤੋਂ ਵਖਰੇ ਸ੍ਰੇਸ਼ਟ ਜੋ ਦਿੱਬ-ਲਤਾਫ਼ਤੀ ਅਲੌਕਿਕ ਕੀਰਤਨ ਦਿਬ ਧੁਨੀਆਂ ਵਾਲੇ ਸ਼ਬਦ ਹਨ, ਸੋਈ ਗੁਰਮਤਿ ਦਸਮ ਦੁਆਰੀ ਪੰਚ ਸ਼ਬਦ ਹਨ.. ਇਹ ਪੰਚ ਦਿਬ ਸ੍ਰਿਸ਼ਟੀ ਸ੍ਰੇਸ਼ਟ ਸ਼ਬਦ ਇਹਨਾਂ ਪੰਜ ਭੂਤਕ ਕੰਨਾਂ ਦਾ ਵਿਸ਼ਾ ਨਹੀਂ।"

ਭਾਈ ਜੋਧ ਸਿੰਘ ਜੀ 'ਗੁਰਮਤਿ ਨਿਰਣਯ' ਦੇ ਪੰਨਾ ੨੩੯ ਉਤੇ 'ਪੰਚ-ਸ਼ਬਦ' ਬਾਰੇ ਹੇਠ ਲਿਖ:


www.AKJ.Org

ਵਿਚਾਰ ਪ੍ਰਗਟਾਉਂਦੇ ਹਨ :

'ਪੰਚ ਸ਼ਬਦ ਦਾ ਭਾਵ ਹੈ ਕਿ ਜੋ ਅਨੰਦ ਜੋਗੀ ਪੰਜ ਕਿਸਮ ਦੇ ਅੰਦਰੂਨੀ ਸ਼ਬਦਾਂ ਨੂੰ ਸੁਣ ਕੇ ਲੈਂਦੇ ਹਨ ਉਸ ਤੋਂ ਵਧੀਕ ਅਨੰਦ ਸਤਿਗੁਰੂ ਕਹਿੰਦੇ ਹਨ ਨਿਰੰਕਾਰ ਨਾਲ ਮੇਲ ਸਮੇਂ ਹੁੰਦਾ ਹੈ।''

੮.੩.੨ **ਅਨਹਦ ਸਬਦ**– 'ਅਨਹਦ ਸ਼ਬਦ' ਬਾਰੇ ਭਾਈ ਰਣਧੀਰ ਸਿੰਘ ਜੀ ਪੁਸਤਕ 'ਅਨਹਦ ਸ਼ਬਦ ਦਸਮ ਦੁਆਰ' ਦੇ ਪੰਨਾ ੯੭ ਉਤੇ ਲਿਖਦੇ ਹਨ :

''ਗੁਰਮਤਿ ਅਨੁਸਾਰ ਅਨਹਦ ਸ਼ਬਦ ਵਿਚ ਅਖੰਡ ਕੀਰਤਨ ਦੀਆਂ ਅਨਾਹਤ ਧੁਨੀਆਂ ਦੀਆਂ ਝੁਨਕਾਰਾਂ ਸੁਣੀਂਦੀਆਂ ਹਨ। ਨਿਰੀਆਂ ਅਵਾਜ਼ਾਂ ਨਹੀਂ।''

ਗੁਰਮਤਿ ਮਾਰਤੰਡ ਦੇ ਪੰਨਾ ੫੨੮ ਉਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਲਿਖਦੇ ਹਨ :

''ਗੁਰਮਤਿ ਵਿਚ ਅਨਾਹਤ ਸ਼ਬਦ ਤੋਂ ਭਾਵ ਹੈ ਕਿ ਅਭਿਆਸੀ ਗੁਰਮੁਖ ਯਥਾਰਥ ਗਿਆਨ ਨੂੰ ਪ੍ਰਾਪਤ ਹੋ ਕੇ ਜਦ ਸਹਜ ਸਮਾਧੀ ਵਿਚ ਲੀਨ ਹੁੰਦੇ ਹਨ ਤਦ ਚਮਤਕਾਰੀ-ਅਨੁਭਵ ਉਹਨਾਂ ਦੇ ਦਿਮਾਗ ਵਿਚ ਫੁਰਦੇ ਹਨ। ਇਹੀ ਅਨਾਹਤ ਸ਼ਬਦ, ਕੰਠ, ਤਾਲੂ ਅਤੇ ਯੰਤ੍ਰ ਆਦਿਕ ਦੀ ਸਹਾਇਤਾ ਬਿਨਾ ਉਪਜੇ।''

੮.੩.੩ ਗੁਰਮਤਿ ਦੇ ਵਿਆਖਿਆਕਾਰ ਗੁਣੀ-ਜਨਾਂ ਦੇ 'ਪੰਚ ਸ਼ਬਦ' ਅਤੇ 'ਅਨਹਦ ਸ਼ਬਦ' ਬਾਰੇ ਵਿਚਾਰਾਂ ਵਿਚ ਥੋੜ੍ਹਾ ਜਿਹਾ ਫ਼ਰਕ ਹੈ, ਪਰ ਇਸ ਨਿਰਣੇ ਤੇ ਸਾਰੇ ਸਹਿਮਤ ਹਨ ਕਿ ਗੁਰਮਤਿ ਦਾ 'ਅਨਹਦ ਸ਼ਬਦ' ਅਥਵਾ 'ਪੰਚ ਸ਼ਬਦ' ਕੋਈ ਕੰਨਾਂ ਦੁਆਰਾ ਸੁਣੇ ਜਾਣ ਵਾਲੀਆਂ ਮਾਦੀ ਅਵਾਜ਼ਾਂ ਨਹੀਂ, ਸਗੋਂ ਨਾਮ ਬਾਣੀ ਦੀਆਂ ਅਗੰਮੀ ਧੁਨ-ਗੁੰਜਾਰਾਂ ਹਨ। ਇਹ ''ਗੁਪਤੀ ਬਾਣੀ'' ਹੈ ਜਿਸ ਦਾ ਸੰਕੇਤ ਸਿਧ ਗੋਸਟਿ ਦੀ ਪੜਵੀਂ ਪਉੜੀ ਵਿਚ ਕੀਤਾ ਹੋਇਆ ਹੈ।

ਨੋਟ : ਇਹ ਇਕ ਵਖਰਾ ਮਹੱਤਵ ਪੂਰਨ ਤੇ ਰਹਸ-ਮਈ ਵਿਸ਼ਾ ਹੈ, ਜਿਸ ਬਾਰੇ ਸੰਖੇਪ ਟੂਕਾਂ ਹੀ ਦਿਤੀਆਂ ਗਈਆਂ ਹਨ। ਵਿਸਥਾਰ ਤੋਂ ਸੰਕੋਚ ਕੀਤਾ ਹੈ।

## ੯. ਸਾਰ-ਸਿਟਾ

'ਸ਼ਬਦ' ਬ੍ਰਹਮ ਹੈ, ਬ੍ਰਹਮ-ਸਤਾ ਹੈ, ਗੁਰੂ ਹੈ, ਨਾਮ ਹੈ, ਹੁਕਮ ਹੈ, ਉਪਦੇਸ਼ ਹੈ।

ਇਹ ਰਹਸ ਕੇਵਲ ਅਕਲ ਦੁਆਰਾ ਨਹੀਂ ਖੁਲ੍ਹਦਾ, ਓਦੋਂ ਖੁਲ੍ਹਦਾ ਹੈ ਜਦੋਂ ਕੋਈ ਜਗਿਆਸੂ ਗੁਰਦੀਖਿਅਤ ਹੋ ਕੇ ਸ਼ਬਦ-ਸੁਰਤਿ ਦਾ ਪਰਚਾ ਪਾਉਂਦਾ ਹੈ। ਜਗਿਆਸੂ ਦੀ 'ਸੁਰਤੀ' ਇਕਾਗਰਤਾ ਅਤੇ ਪ੍ਰੇਮਾ ਭਗਤੀ ਦੀ ਤੁਫ਼ੈਲ ਜਿਉਂ ਜਿਉਂ ਉਚੀ ਉਠਦੀ ਹੈ ਤਿਉਂ ਤਿਉਂ ਸ਼ਬਦ ਦੇ ਸਾਰੇ ਪੱਖ ਸੁਤੇ ਹੀ ਪ੍ਰਗਟ ਹੁੰਦੇ ਜਾਂਦੇ ਹਨ।

'ਸ਼ਬਦ' ਗੁਰਮਤਿ ਸਿਧਾਂਤ ਦਾ ਧੁਰਾ ਹੈ।

'ਸ਼ਬਦ' ਸਰਬੱਤ ਜੀਵ-ਇਸਤ੍ਰੀਆਂ ਦਾ ਰਸਾਲੂ-ਕੰਤੜਾ ਅਤੇ ਥਿਰ-ਸੁਹਾਗ ਹੈ।

'ਸ਼ਬਦ' ਅਕਾਲ ਪੁਰਖ ਦੀ ਅਕਲ-ਕਲਾ ਹੈ, ਜਿਸ ਦਾ ਵਰਤਾਰਾ ਬ੍ਰਹਮੰਡ ਵਿਚ ਵਰਤਦਾ ਹੈ।

'ਸ਼ਬਦ' ਤਿੰਨਾ ਲੋਕਾਂ ਵਿਚ ਪ੍ਰਕਾਸ਼ ਕਰਨ ਵਾਲਾ ਗਿਆਨ-ਦੀਪ ਹੈ।

'ਸ਼ਬਦ' ਧਰਮ-ਰਸਾਇਣੀ ਜਾਦੂ ਹੈ, ਜੋ ਕਚ ਤੋਂ ਸਚ, ਬਿਖ ਤੋਂ ਅੰਮ੍ਰਿਤ ਅਤੇ ਲੋਹੇ ਤੋਂ ਲਾਲ ਕਰਨ ਦੇ ਸਮਰੱਥ ਹੈ।

'ਸ਼ਬਦ' ਉਹ ਮੰਤਰ ਹੈ ਜਿਸ ਦਾ ਨਾਦ ਕੀਤਿਆਂ ਮਾਇਆ-ਨਾਗਨੀ ਦਾ ਜ਼ਹਿਰ ਅਸਰ-ਹੀਣ ਹੋ ਜਾਂਦਾ ਹੈ।

'ਸ਼ਬਦ' ਉਹ ਨੀਸਾਣ (ਧੌਂਸਾ) ਹੈ, ਜਿਸ ਦੀ ਖੜਕਾਰ ਸੁਣ ਕੇ ਕਾਮਾਦਿਕ ਪੰਜ ਜਗਤ-ਜੇਤੂ ਵੈਰੀ ਭੈ-ਭੀਤ ਹੋਏ ਹੋਏ, ਦੁਸ਼ਮਣੀ ਛਡ ਕੇ ਤਾਬੇਦਾਰੀ ਇਖ਼ਤਿਆਰ ਕਰ ਲੈਂਦੇ ਹਨ। 'ਸ਼ਬਦ' ਦੀ ਸੂੰਤ ਸੁਣਦਿਆਂ ਜਮ-ਕਾਲ ਦੂਰੋਂ ਹੀ ਦੌੜ ਜਾਂਦੇ ਹਨ।

'ਸ਼ਬਦ' ਉਹ ਦੁਧਾਰਾ-ਖੰਡਾ ਹੈ ਜੋ ਪਾਪਾਂ, ਵਿਕਾਰਾਂ ਅਤੇ ਜਮ-ਦੂਤਾਂ ਨੂੰ ਮਾਰ ਭਜਾਉਂਦਾ ਹੈ।



www.AKJ.Org

'ਸ਼ਬਦ' ਨਿਰਗੁਣ-ਬ੍ਰਹਮ ਅਤੇ ਤ੍ਰਿਗੁਣੀ-ਜੀਵਾਂ ਦੇ ਵਿਚਕਾਰ ਇਕ ਦੂਜੇ ਨੂੰ ਮਿਲਾਉਣ ਵਾਲਾ ਪੁਲ ਹੈ, ਜੀਵਾਂ ਨੂੰ ਭਵ-ਸਾਗਰ ਤੋਂ ਪਾਰ ਕਰਨ ਲਈ ਬੋਹਿਥਾ ਹੈ।

'ਸ਼ਬਦ' ਮਨ ਨੂੰ ਸਹਾਰਾ ਦੇਣ ਵਾਲਾ ਰਬੀ-ਥੰਮ੍ਹ ਹੈ। ਮਨ-ਹਾਥੀ ਨੂੰ ਔਝੜ ਪੈਣੋਂ ਰੋਕਣ ਲਈ ਅੰਕੁਸ (ਕੁੰਡਾ) ਹੈ।

'ਸ਼ਬਦ' ਅੰਮ੍ਰਿਤ-ਰਸ-ਗੁਧਾ ਸਚਖੰਡੀ ਭੋਜਨ ਹੈ, ਜਿਸ ਨੂੰ ਚਖ ਕੇ ਸਾਰੀ ਭੁਖ ਪਿਆਸ ਬੁਝ ਜਾਂਦੀ ਹੈ। ਇਹ ਰਤਨ-ਪਦਾਰਥਾਂ ਦੀ ਹੰਸ-ਚੋਗ ਹੈ।

'ਸ਼ਬਦ' ਹੀਰੇ ਜੜਤ ਰਤਨ ਹੈ, ਜੋ ਮਨ-ਹੀਰੇ ਨੂੰ ਵਿੰਨ੍ਹ ਕੇ 'ਉਨਮਨ' ਕਰ ਦਿੰਦਾ ਹੈ।

'ਸਬਦ' ਅਖੁਟ ਖਜ਼ਾਨਾ ਹੈ ਜੋ ਖਾਧਿਆਂ-ਖਰਚਦਿਆਂ ਨਿਖੁਟਦਾ ਨਹੀਂ, ਸਗੋਂ ਵਧਦਾ ਹੈ।

'ਸ਼ਬਦ' ਵਾਇਰਲੈਸ-ਸੈਟ ਹੈ, ਜਿਸ ਦੁਆਰਾ ਅਗੰਮੀ, ਸਚ-ਖੰਡੀ, ਨਾਮ-ਪ੍ਰਚੰਡੀ ਰਸ-ਧੁਨੀਆਂ ਦਾ ਅਨਹਦ ਨਾਦ ਅੰਦਰ ਵਜਦਾ ਸੁਣਾਈ ਦਿੰਦਾ ਹੈ। ਬਿਸਮਾਦੀ ਵਾਹਿਗੁਰੂ ਦੇ ਬਿਸਮ-ਰੂਪ ਦੀਦਾਰ ਲਈ ਦਿਬ-ਲੋਇਣ, ਸ਼ਬਦ ਦੀ ਬਰਕਤ ਨਾਲ ਖੁਲ੍ਹਦੇ ਹਨ। ਸ਼ਬਦ ਤੋਂ ਘੁਥੇ ਸਭ ਅੰਨ੍ਹੇ, ਬੋਲੇ ਅਤੇ ਕਮਲੇ ਹਨ।

'ਸ਼ਬਦ' ਦਸਮ-ਦੁਆਰ ਨੂੰ ਜੜੇ ਜਬਰ ਕਪਾਟ ਖੋਲ੍ਹਣ ਦੀ ਕੁੰਜੀ ਹੈ।

**ਸਹਾਇਕ ਪੁਸਤਕਾਂ ਦੀ ਸੂਚੀ—**

(੧) ਗੁਰਮਤਿ ਨਿਰਣਯ (ਭਾ: ਜੋਧ ਸਿੰਘ ਜੀ)। (੨) ਮਹਾਨ ਕੋਸ਼ (ਭਾ: ਕਾਨ੍ਹ ਸਿੰਘ ਜੀ)। (੩) ਗੁਰਮਤਿ ਮਾਰਤੰਡ (ਭਾ: ਕਾਨ੍ਹ ਸਿੰਘ ਜੀ)। (੪) ਵਾਰਾਂ ਭਾ: ਗੁਰਦਾਸ ਜੀ। (੫) ਸਿਖਾਂ ਦੀ ਭਗਤ ਮਾਲ (ਭਾ: ਮਨੀ ਸਿੰਘ ਜੀ)। (੬) ਸਿੰਘ ਸਭਾ ਪਤ੍ਰਕਾ ਦੇ ਗੁਰੂ-ਸ਼ਬਦ ਅੰਕ। (੭) ਸ਼ਬਦਾਰਥ। (੮) ਅਨਹਦ ਸ਼ਬਦ ਦਸਮ-ਦੁਆਰ (ਭ: ਰਣਧੀਰ ਸਿੰਘ ਜੀ)।

---

# ਸਭ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਗੁਰਮੁਖਾਂ ਪ੍ਰਤੀ ਜੋਦੜੀ

(੧) ਸਮੂਹ ਗੁਰੂ ਕੇ ਲਾਲਾਂ, ਕੀਰਤਨ ਕਰਨਹਾਰੇ ਸਿੰਘਾਂ ਤੇ ਬੀਬੀਆਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਉਹ ਗੁਰਮੁਖੀ ਸਾਦਾ ਬਸਤਰਾਂ ਦੇ ਪਹਿਰਾਵੇ ਵਿਚ, ਕਿਰਪਾਨ ਉਪਰੋਂ ਦੀ ਸਜਾ ਕੇ ਕੀਰਤਨ ਦੀ ਸੇਵਾ ਨਿਭਾਉਣ। ਇਸ ਨਾਲ ਕੀਰਤਨ ਕਰਨ ਤੇ ਸੁਣਨਹਾਰੇ ਦੋਹਾਂ ਧਿਰਾਂ ਨੂੰ ਅਨੰਦ ਤੇ ਚੜ੍ਹਦੀ ਕਲਾ ਦਾ ਹੁਲਾਰਾ ਮਿਲਦਾ ਹੈ।

(੨) ਗੁਰਸਿਖ ਵੀਰ ਕੀਰਤਨ, ਦੇਗ, ਲੰਗਰ, ਅਰਦਾਸ, ਕਿਸੇ ਸੇਵਾ ਵਿਚ ਵੀ ਪੈਂਟ ਬੁਰਸ਼ਟ ਪਾਉਣ ਤੋਂ ਸੰਕੋਚ ਕਰਨ। ਬੇਅੰਤ ਖੁਲ੍ਹੇ ਪੌਂਚਿਆਂ ਵਾਲੇ ਪਜਾਮਿਆਂ ਨਾਲ ਵੀ ਸੇਵਾ ਸ਼ੋਭਾ ਨਹੀਂ ਪਾਂਦੀ।

(੩) ਗੁਰੂ ਕਾ ਲੰਗਰ ਸਜਾਣ ਤੇ ਵਰਤਾਣ ਦੀ ਸੇਵਾ ਪੰਜ-ਕਕਾਰੀ ਰਹਿਤ ਦੇ ਧਾਰਨੀ ਪੰਜ ਬਾਣੀਆਂ ਦੇ ਨਿਤਨੇਮੀ, ਅੰਮ੍ਰਿਤਧਾਰੀ ਵਿਅਕਤੀ ਹੀ ਕਰਨ। ਇਸ ਗੱਲ ਵਿਚ ਢਿਲਿਆਈ ਬਿਲਕੁਲ ਨਹੀਂ ਵਰਤਣੀ ਚਾਹੀਦੀ।

(੪) ਕਮਰਕਸਾ ਥਕਾਵਟ ਨੂੰ ਦੂਰ ਕਰਦਾ ਅਤੇ ਗਾਤਰੇ-ਕਿਰਪਾਨ ਨੂੰ ਅਗੇ ਪਿਛੇ ਖਿਸਕਣ ਤੋਂ ਰੋਕਦਾ ਹੈ।

(੫) ਪੁਰਾਤਨ ਸਮੇਂ ਤੋਂ ਗੁਰ-ਮਰਯਾਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਸਜੇ ਗੁਰਸਿਖ, ਚੌਰ-ਬਰਦਾਰ ਅਰਦਾਸ ਅਤੇ ਕੀਰਤਨ ਦੀ ਸੇਵਾ ਕਰਨ ਵਾਲੇ ਪ੍ਰੇਮੀ ਗਲ ਵਿਚ ਹਜ਼ੂਰੀਆ ਰਖਦੇ ਹਨ। ਗੁਰ-ਮਰਯਾਦਾ ਕਾਇਮ ਰਖਣੀ ਸਿਖ ਦਾ ਫ਼ਰਜ਼ ਹੈ।

ਆਸ ਹੈ ਕਿ ਉਪਰੋਕਤ ਮਰਯਾਦਾ ਤੇ ਚਲ ਕੇ ਅਸੀਂ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਾਂਗੇ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ



www.AKJ.Org

# ਚੰਚਲ ਮਨ ਦੀ ਸਥਿਰਤਾ

[ਪ੍ਰਿੰਸੀਪਲ ਸੱਜਣ ਸਿੰਘ ਜੀ, 918-ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ-19]

ਅਕਾਲ ਪੁਰਖ ਦਾ ਅੰਸ਼ ਹੋਣ ਦੇ ਨਾਤੇ ਸਾਡਾ ਮਨ ਜੋਤਿ ਸਰੂਪ ਹੈ ਤੇ ਸੰਸਾਰੀ ਜੀਵ ਨੂੰ ਨਿਰੰਕਾਰੀ ਜੋਤਿ ਨਾਲ ਅਭੇਦ ਕਰਨ ਲਈ ਯੋਗ ਅਗਵਾਈ ਦੇ ਸਕਦਾ ਹੈ। ਪਰ ਮਾਇਆ ਮਮਤਾ ਮੋਹਣੀ ਦਾ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਮਨ ਦੀ ਅਸਲੀ ਨੁਹਾਰ, ਨਿਖਾਰ ਤੇ ਨਿਰਮਲ ਵਿਚਾਰ ਦਾ ਸਰੂਪ ਵਿਗਾੜ ਕੇ ਕੋਝਾ ਤੇ ਕਰੂਪ ਬਣ ਜਾਂਦਾ ਹੈ। ਮਨ ਦੇ ਦੋਸ਼ਾਂ ਦਾ ਚਰਚਾ ਭਾਵੇਂ ਵਿਦਵਾਨ, ਉਪਦੇਸ਼ਕ, ਤਰਕਵਾਦੀ ਤੇ ਬੁੱਧੀਜੀਵੀ ਵੀ ਕਰਦੇ ਆਏ ਹਨ, ਪਰ ਦੋਸ਼ਾਂ ਤੋਂ ਉਤਪੰਨ ਹੋਏ ਅਨੇਕ ਰੋਗਾਂ ਦੀ ਨਵਿਰਤੀ ਦਾ ਸਫਲ ਤੇ ਭਰੋਸੇ ਯੋਗ ਸਾਧਨ, ਨਾਮ ਅਉਖਧ ਦੇ ਰੂਪ ਵਿਚ, ਗੁਰਬਾਣੀ ਦੁਆਰਾ ਬਹੁਤ ਪ੍ਰਭਾਵ-ਸ਼ਾਲੀ ਢੰਗ ਨਾਲ ਪ੍ਰਗਟ ਹੋਇਆ ਹੈ।

ਮਨ ਬਹੁਤ ਹੀ ਗੁੰਝਲਦਾਰ ਰੋਗਾਂ ਵਿਚ ਗ੍ਰਸਿਆ ਹੈ। ਇਹ ਖੋਤੇ ਵਾਂਗਰ ਅੜੀਅਲ, ਹੱਠੀ ਤੇ ਮਸਤਿਆ ਹੋਇਆ, ਹਾਥੀ ਵਾਂਗਰ ਗਰਬ ਅਟਿਆ ਹੰਕਾਰੀ ਹੈ। ਇਹ ਅਜਿੱਤ ਤੇ ਬਲਵਾਨ ਹੈ, ਤ੍ਰਿਸ਼ਨਾਲੂ ਤੇ ਕਠੋਰ ਹੈ; ਅੰਨ੍ਹਾ, ਬੋਲਾ, ਮੁਗਧ ਤੇ ਬੇਸਮਝ ਮੂਰਖ ਹੈ, ਮਾਇਕ ਨੀਂਦ ਵਿਚ ਘੂਕ ਹੋਇਆ ਪਿਆ ਹੈ। ਸਤੋ ਗੁਣਾਂ ਨੂੰ ਗ੍ਰਹਿਣ ਕਰਨ ਲਈ ਸੰਘਰਸ਼ ਤੇ ਸਾਵਧਾਨੀ ਦੀ ਲੋੜ ਪੈਂਦੀ ਹੈ, ਜਦ ਕਿ ਰਜੋ ਗੁਣ ਤੇ ਤਮੋ ਗੁਣ ਆਪ-ਮੁਹਾਰੇ ਮਨ ਦੀ ਹੇਠਲੀ ਤਹਿ ਵਿਚ ਡੇਰੇ ਜਮਾ ਲੈਂਦੇ ਹਨ। ਮਨ ਦੀ ਮਲੀਨਤਾ, ਕਲੱਤਣ, ਅਗਿਆਨਤਾ, ਛਾਈ, ਕਾਈ, ਮਨ ਦਾ ਅੰਧੇਰਾ, ਆਲਸ, ਸੋਕੜਾ ਆਦਿਕ ਤਾਮਸੀ ਗੁਣਾਂ ਦੇ ਸੂਚਕ ਹਨ। ਮਨ ਸਾਡੀ ਭਲਾਈ ਤੇ ਹਮਦਰਦੀ ਬਾਰੇ ਸੋਚੇ, ਇਹ ਅਸੰਭਵ ਹੈ।

ਇਸ ਤਰ੍ਹਾਂ ਦੇ ਰੋਗਾਂ ਦੇ ਇਲਾਵਾ, ਇਕ ਹੋਰ ਬੱਜਰ ਰੋਗ—ਮਨ ਦਾ 'ਚੰਚਲ-ਪੁਣਾ' ਹੈ। ਇਹ ਹਕੀਕਤ ਵਿਚ ਮਨ ਦੀ ਖਸਲਤ ਹੈ, ਆਦਤ ਹੈ, ਪ੍ਰਕ੍ਰਿਤੀ ਹੈ; ਇਹ ਮਨ ਦਾ ਜਮਾਂਦਰੂ ਸੁਭਾਅ ਹੈ, ਜਿਸ ਵਿਚ ਪ੍ਰੀਵਰਤਨ ਲਿਆਉਣਾ ਜੇ ਅਸੰਭਵ ਨਹੀਂ ਤਾਂ ਕਠਨ ਬਹੁਤ ਹੈ। ਹਜ਼ੂਰ ਦਾ ਫੁਰਮਾਨ ਹੈ—

ਕਾਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥
ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰਬਾਰ ਭਰਮਾਈ ॥੧॥
ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥
ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮ ਨਾਮੁ ਨੀਸਾਣੁ ॥੧॥ਰਹਾਉ॥

ਬਸੰਤ ਹਿੰਡੋਲ ਘਰੁ ੨ ਮ: ੪, ਪੰਨਾ ੧੧੯੧

ਇਸ ਸਰੀਰ ਵਿਚ ਵਸਦੇ ਮਨ ਨੂੰ ਬਾਲਕ ਆਖਿਆ ਹੈ, ਜਿਹੜਾ ਆਪ ਵੀ ਭਟਕਦਾ ਹੈ ਤੇ ਆਪਣੇ ਹੁਕਮ ਦੁਆਰਾ ਸਰੀਰ ਨੂੰ ਵੀ ਭਟਕਣ ਦੀ ਸਥਿੱਤੀ ਵਿਚ ਰੱਖਦਾ ਹੈ। ਮਨ ਦਾ ਸੁਭਾਉ ਸਦਾ ਬੈਰਾਗੀ ਹੈ। ਇਕ ਥਾਂ ਤੇ ਟਿਕ ਕੇ ਬਹਿਣਾ ਤਾਂ ਇਸ ਨੂੰ ਆਉਂਦਾ ਹੀ ਨਹੀਂ। ਸਾਗਰ ਦੀਆਂ ਲਹਿਰਾਂ ਵਾਂਗ ਅਨਿਕ-ਤਰੰਗੀ ਹੈ। ਮਨ ਦੀ ਦਸ਼ਾ ਪਾਰੇ ਸਮਾਨ ਹੈ, ਜਿਸ ਨੂੰ ਪਕੜ ਕੇ, ਇਕ ਥਾਂ ਤੇ ਟਿਕਾ ਕੇ ਰੱਖਣਾ ਅਸੰਭਵ ਹੈ। ਮਨ ਦੀ ਚੰਚਲਤਾ ਬਾਰੇ ਗੁਰਦੇਵ ਜੀ ਦਾ ਫੁਰਮਾਨ ਹੈ—

ਮਨੁ ਚੰਚਲੁ ਬਿਧਿ ਨਾਹੀ ਜਾਣੈ ॥ ਮਨਮੁਖਿ ਮੈਲਾ ਸਬਦੁ ਨ ਪਛਾਣੈ ॥
ਗੁਰਮੁਖਿ ਨਿਰਮਲੁ ਨਾਮੁ ਵਖਾਣੈ ॥੮॥੭॥ (ਆਸਾ ਮ: ੧, ਪੰਨਾ ੪੧੫)

ਅਜਿਹੇ ਮਨ ਨੂੰ ਨਾਮ ਵਿਚ ਲੀਨ ਹੋਣ ਦੀ ਜੁਗਤੀ ਸਮਝ ਵਿਚ ਨਹੀਂ ਆਉਂਦੀ, ਸਭ ਸਿੱਖਿਆ ਤੇ ਉਪਦੇਸ਼ ਅਸਫਲ ਰਹਿੰਦੇ ਹਨ। ਗੁਰ-ਸ਼ਬਦ ਪ੍ਰਾਪਤ ਹੋਏ ਬਿਨਾਂ ਮਨ ਟਿਕਾਣੇ ਨਹੀਂ ਆਉਂਦਾ। ਬਖ਼ਸ਼ੰਦ ਪਿਤਾ ਨੇ ਗੁਰ-ਸ਼ਬਦ ਦੁਆਰਾ ਇਸ ਭਟਕਦੇ ਮਨ ਨੂੰ ਸਮਝ ਵਾਲਾ ਬਣਾਇਆ।


www.AKJ.Org

ਮਨ ਕੀ ਬਿਧਿ ਸਤਿਗੁਰ ਤੇ ਜਾਣੈ ਅਨਦਿਨੁ ਲਾਗੈ ਸਦ ਹਰਿ ਸਿਉ ਧਿਆਨੁ ॥
ਗੁਰ ਸਬਦਿ ਰਤੇ ਸਦਾ ਬੈਰਾਗੀ ਹਰਿ ਦਰਗਹ ਸਾਚੀ ਪਾਵਹਿ ਮਾਨੁ ॥੨॥੬॥

(ਮਲਾਰ ਮ: ੩, ਪੰਨਾ ੧੨੫੯-੬੦)

ਮਨ ਤੇ ਕਾਬੂ ਪਾਉਣ ਦਾ ਤਰੀਕਾ ਕੇਵਲ ਸੱਚੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ।

ਮਨ ਦੇ ਭਟਕਣ ਦੀ ਤੁੱਲਨਾ ਬਾਸਾ ਪੰਛੀ ਤੇ ਮੱਛੀ ਨਾਲ ਵੀ ਕੀਤੀ ਗਈ ਹੈ! ਬਾਸਾ ਇਕ ਸ਼ਿਕਾਰੀ ਪੰਛੀ ਹੈ, ਜਿਹੜਾ ਬਿਨਾਂ ਰੋਕ ਟੋਕ ਦੂਰ ਦੁਰਾਡੇ ਗਗਨ ਮੰਡਲਾਂ ਵਿਚ ਉਡਾਰੀ ਮਾਰਦਾ ਹੈ ਤੇ ਪਲ ਭਰ ਵੀ ਇਕ ਥਾਂ ਤੇ ਚੈਨ ਨਾਲ ਨਹੀਂ ਬਹਿੰਦਾ। ਮੱਛੀ ਦੀ ਚੰਚਲਤਾ ਤੇ ਫੁਰਤੀਲੇ-ਪਨ ਦਾ ਕੋਈ ਜੋੜ ਨਹੀਂ। ਜਿਵੇਂ ਪਾਣੀ ਦੇ ਵਹਾਉ ਦੇ ਵਿਰੁੱਧ ਵੀ, ਮੱਛੀ ਸਮੁੰਦਰ ਦੀ ਅੱਤ ਡੂੰਘਾਈ ਤਕ ਤੇਜ਼ ਰਫ਼ਤਾਰ ਨਾਲ ਪਹੁੰਚਣ ਦੀ ਸਮਰੱਥਾ ਰੱਖਦੀ ਹੈ, ਤਿਵੇਂ ਹੀ ਸਾਡਾ ਆਕੀ ਮਨ, ਆਪਣੇ ਇਰਦ ਗਿਰਦ ਪਏ ਰੁਕਾਵਟਾਂ ਦੇ ਸੰਗਲ ਤੋੜ ਤਾੜ ਕੇ, ਆਜ਼ਾਦ ਪੰਖੀ ਬਣ ਕੇ ਕਿਤੋਂ ਦਾ ਕਿਤੇ ਪਹੁੰਚ ਜਾਂਦਾ ਹੈ। ਸਤਿਗੁਰੂ ਜੀ ਦਾ ਗੁਰਵਾਕ ਹੈ—

ਵਸਿ ਆਣਿਹੁ ਵੇ ਜਨ ਇਸੁ ਮਨ ਕਉ ਬਾਸੇ ਜਿਉ ਨਿਤ ਭਉਦਿਆ ॥੧॥੧॥੬॥

(ਸੂਹੀ ਛੰਤ ਮਹਲਾ ੪, ਪੰਨਾ ੭੭੬)

ਚੰਚਲ ਮਨ ਨੂੰ ਘੇਰਾ ਪਾ ਕੇ ਟਿਕਾਉ ਵਿਚ ਰੱਖਣ ਦੀ ਵਿਧੀ ਜਿਸ ਗੁਰਮੁਖ ਜਨ ਨੂੰ ਨਸੀਬ ਹੋ ਗਈ, ਉਹ ਮਾਨੋ ਜੀਵਨ-ਮੁਕਤ ਹੋ ਗਿਆ। ਇਹ ਨੌਵੇਂ ਪਾਤਸ਼ਾਹ ਦਾ ਅਟੱਲ ਹੁਕਮ ਹੈ। ਮਨੁੱਖਾ ਜੀਵਨ ਦਾ ਪ੍ਰਯੋਜਨ ਨਾਮ-ਸਿਮਰਨ ਤੇ ਪ੍ਰਭੂ-ਉਸਤਤੀ ਦੁਆਰਾ ਇਕ-ਰੂਪ ਹੋਣਾ ਹੈ। ਗੋਬਿੰਦ ਦੇ ਗੁਣ ਗਾਵਣ ਬਿਨਾਂ ਵੱਡਮੁੱਲਾ ਜਨਮ ਅਕਾਰਥ ਜਾਂਦਾ ਹੈ। ਜੇ ਸਾਡਾ ਮਨ ਹੀ ਚਾਰੇ ਪਾਸੇ ਧਾਂਵਦਾ ਰਹੇ, ਤਾਂ ਉਹ ਪ੍ਰਭ ਜੀ ਦੇ ਗੁਣ ਕਿਵੇਂ ਗਾ ਸਕਦਾ ਹੈ? ਮਨ ਦੀ ਭਟਕਣਾ ਅਤੇ ਮਨ ਤੇ ਪਈ ਵਿਸ਼ਿਆਂ-ਵਿਕਾਰਾਂ ਦੀ ਮੈਲ ਐਸੀਆਂ ਜ਼ਬਰਦਸਤ ਰੁਕਾਵਟਾਂ ਹਨ, ਜਿਨ੍ਹਾਂ ਨੂੰ ਹਟਾਏ ਬਿਨਾਂ ਸਹਜ ਧਿਆਨ ਵਾਲੀ ਅਵਸਥਾ ਬਾਰੇ ਸੋਚਣਾ ਵੀ ਨਿਸਫਲ ਹੈ। ਇਸ ਬਾਰੇ ਫੁਰਮਾਨ ਹੈ :—

ਮਨੂਆਂ ਦਹਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ ॥
ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥......
ਸਬਦੁ ਚੀਨਿ ਮਨੁ ਨਿਰਮਲੁ ਹੋਵੈ ਤਾ ਹਰਿ ਕੇ ਗੁਣ ਗਾਵੈ ॥
ਗੁਰਮਤੀ ਆਪੈ ਆਪੁ ਪਛਾਣੈ ਤਾ ਨਿਜ ਘਰਿ ਵਾਸਾ ਪਾਵੈ ॥੨॥੨॥

(ਵਡਹੰਸ ਮਹਲਾ ੩, ਪੰਨਾ ੫੬੫)

ਮਨ ਦੇ ਫੁਰਨਿਆਂ ਤੇ ਕਾਬੂ ਪਾਉਣ ਦਾ ਸਿਧਾਂਤਕ ਪੱਖ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਨਿੱਜੀ ਤਜਰਬੇ ਦੀ ਰੰਗਣ ਚਾੜ੍ਹ ਕੇ ਆਪਣੀਆਂ ਰਚਿਤ ਪੁਸਤਕਾਂ ਵਿਚ ਵਰਨਣ ਕੀਤਾ ਹੈ। ਅਮਲੀ ਤੌਰ ਤੇ ਗੁਰਮਤਿ ਜੁਗਤੀ ਦੀ ਵਰਤੋਂ ਅੰਮ੍ਰਿਤ-ਸੰਚਾਰ ਸਮਾਗਮ ਵਿਖੇ ਨਾਮ ਦ੍ਰਿੜ੍ਹਾਵਣ ਹਿੱਤ ਕੀਤੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਮਤਿ-ਜੁਗਤੀਆਂ ਤੇ ਪ੍ਰੇਮ-ਭਾਵਨਾ ਦੇ ਅਤੁੱਟ ਭੰਡਾਰ ਹਨ। ਇਹ ਗੁਰ-ਸਾਗਰ ਹੈ ਤੇ ਬਹੁਮੁੱਲੇ ਦੁਰਲਭ ਪਦਾਰਥਾਂ ਨਾਲ ਭਰਪੂਰ ਹੈ। ਕੁਝ ਕੁ ਰਤਨਾਂ ਦਾ ਵਰਨਣ ਇਨ ਬਿਧ ਕੀਤਾ ਗਿਆ ਹੈ :—

**ਅਰਦਾਸ**—ਕਿਸੇ ਕਾਰਜ ਦੀ ਆਰੰਭਤਾ ਸਮੇਂ, ਅਸੀਸ ਲੈਣ ਲਈ, ਸੰਪੂਰਨਤਾ ਸਮੇਂ ਧੰਨਵਾਦ ਕਰਨ ਲਈ ਤੇ ਰਾਹ ਵਿਚੋਂ ਹਰੇਕ ਪ੍ਰਕਾਰ ਦੀ ਔਕੜ ਦੂਰ ਕਰਨ ਲਈ, ਅਰਦਾਸ ਕਰਨ ਦਾ ਹੁਕਮਨ ਸਿਰ ਹੁਕਮ ਹੈ। ਮਾਇਆ, ਸੁਆਦ, ਰਾਗ, ਨਾਦ ਤੇ ਹੋਰ ਕਰਮ ਜਿਹੜੇ ਮਨ ਨੂੰ ਮੋਂਹਦੇ ਹਨ, ਮੋਹ ਦਾ ਰੂਪ ਹਨ। ਇਨ੍ਹਾਂ ਚਸਕਿਆਂ ਦੇ ਵੱਸ ਪਿਆ ਮਨ ਸਤਸੰਗਤਿ ਵਿਚ ਨਾਮ ਦੀ ਵਰਖਾ ਨੂੰ ਤਿਆਗ ਕੇ, ਤੇਲੀ ਦੇ ਬਲਦ ਵਾਂਗਰ ਭੌਂਦਾ ਫਿਰਦਾ ਹੈ :—

ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ ॥੨॥੧॥੩॥ [੭੧੨]


www.AKJ.Org

ਇਸ ਸਥਿੱਤੀ ਤੋਂ ਬਚਾਣ ਲਈ ਪੰਜਵੇਂ ਪਾਤਸ਼ਾਹ ਧਨਾਸਰੀ ਰਾਗ ਵਿਚ ਐਸੇ ਮਿੱਤਰ ਦੀ ਜਾਚਨਾ ਕਰਦੇ ਹਨ ਜਿਹੜਾ ਸਾਡੇ ਭਟਕਦੇ ਮਨ ਨੂੰ ਇਕਾਗਰਤਾ ਦਿਵਾ ਕੇ ਧਾਵਨ ਤੋਂ ਬਚਾ ਲਵੇ :–

ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥
ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥
ਹੈ ਕੋਊ ਐਸੋ ਹਮਰਾ ਮੀਤੁ ॥
ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ਰਹਾਉ॥੧੪॥ (੬੭੪)

ਇਸ ਗੁਰਵਾਕ ਦੁਆਰਾ ਸਤਿਗੁਰੂ ਜੀ ਨੇ ਨਿਮਰਤਾ ਸਹਿਤ ਅਰਦਾਸ ਕਰਨ ਦਾ ਉਪਦੇਸ਼ ਦਿੱਤਾ।

**ਸਤਿਗੁਰੂ**—ਆਪਣੇ ਨਿਜ ਘਰ ਨੂੰ ਵਿਸਾਰ ਕੇ, ਮਨ ਜੁਗਾਂ ਜੁਗਾਂਤਰਾਂ ਤਕ ਭਟਕਦਾ ਤੇ ਸਦਾ ਅਸ਼ਾਂਤ ਰਹਿੰਦਾ ਹੈ। ਵਾਪਰਦਾ ਤਾਂ ਇਹ ਵੀ ਦਾਤਾਰ ਦੇ ਭਾਣੇ ਵਿਚ ਹੈ, ਪਰ ਕਰਣ ਕਾਰਣ ਸਮਰੱਥ ਪਿਤਾ ਸੱਚੇ ਹਿਰਦੇ ਵਿਚੋਂ ਨਿਕਲੀ ਅਰਦਾਸ ਸੁਣ ਕੇ ਕਾਰਣ ਉਤਪੰਨ ਕਰਦਾ ਹੈ ਤੇ ਸੱਚੇ ਗੁਰੂ ਦਾ ਮਿਲਾਪ ਕਰਾਉਂਦਾ ਹੈ। ਸਤਿਗੁਰੂ ਦੀ ਪਾਰਸ-ਮਈ ਛੁਹ, ਜਗਿਆਸੂ ਦੇ ਮਨ ਦੀ ਭਟਕਦੀ ਰੁਚੀ ਤੇ ਵਿਚਾਰਧਾਰਾ ਦੇ ਵੇਗ ਨੂੰ ਥੰਮ੍ਹ ਕੇ ਰੱਖਣ ਦੀ ਤਾਸੀਰ ਰੱਖਦੀ ਹੈ। ਇਕ ਵਾਰ ਨਹੀਂ, ਕਈ ਵਾਰ ਸੱਚੇ ਗੁਰਦੇਵ ਜੀ ਨੇ ਨਿਘਰੇ ਪ੍ਰਾਣੀਆਂ ਨੂੰ ਆਪਣੀ ਪਾਰਸ-ਛੁਹ ਨਾਲ ਹੀ ਆਪਣੇ ਚਰਨਾਂ ਤੇ ਝੁਕਾਇਆ ਹੈ। ਗੁਰਵਾਕ ਹੈ :–

ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥
ਹਰਿ ਭਾਣਾ ਤਾਂ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥
ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥
ਨਾਨਕ ਮਨ ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥੨॥੩॥ (ਮ: ੩, ੫੧੩-੧੪)

**ਗੁਰ-ਉਪਦੇਸ਼**—ਸੰਪੂਰਨ ਵੈਦ ਰੋਗੀ ਦੀ ਅਵਸਥਾ ਤੇ ਰੋਗ ਦੀ ਦਸ਼ਾ ਦੀ ਸਹੀ ਪਹਿਚਾਨ ਕਰ ਕੇ ਹੀ ਦੁਆਈ ਦਾ ਸੁਝਾਉ ਦਿੰਦਾ ਹੈ। ਇਹੋ ਕਾਰਨ ਹੈ ਕਿ ਗ੍ਰਿਹਥੀ, ਤਿਆਗੀ, ਕਿਰਤੀ, ਧਨਵਾਨ ਪ੍ਰਤੀ ਲਿਖੇ ਫੁਰਮਾਨ ਵੱਖ ਵੱਖ ਪ੍ਰਕਾਰ ਦੇ ਉਪਦੇਸ਼ਾਂ ਨਾਲ ਭਰੇ ਹਨ। ਕਦੇ ਕਦੇ ਗੁਰਦੇਵ ਜੀ ਨੇ ਨਾਮ-ਧਾਰੀਕ ਮਾਣ-ਮੱਤੇ ਗਿਆਨੀਆਂ, ਉਪਦੇਸ਼ਕਾਂ, ਤੇ ਵਿਦਵਾਨਾਂ ਨੂੰ ਦਲੀਲ ਤੇ ਤਰਕ ਨਾਲ ਕਾਇਲ ਕਰ ਕੇ, ਉਨ੍ਹਾਂ ਦੇ ਅਸ਼ਾਂਤ ਮਨ ਨੂੰ ਟਿਕਾਉ ਵਿਚ ਲਿਆਂਦਾ ਹੈ। ਚੋਜੀ ਪਿਤਾ ਨੇ, ਇਸ ਦੇ ਇਲਾਵਾ ਸਰੀਰ ਦੀ ਛਿਨ-ਭੰਗਰਤਾ ਦਰਸਾਈ ਹੈ, ਹਰਿ ਪ੍ਰਭ ਕੀ ਹਰਿ-ਕਥਾ ਸੁਣਾਈ ਹੈ ਤੇ ਤਰੁੱਠ ਕੇ ਹਰਿ ਨਾਮ ਦਾ ਮਿੱਠਾ ਸਾਦ ਵੀ ਚਖਾਇਆ ਹੈ। ਇਉਂ ਡੋਲਦੇ ਮਨ ਨੂੰ ਸਥਿਰਤਾ ਤੇ ਸਹਜ ਅਵਸਥਾ ਬਖਸ਼ਣ ਲਈ ਗੁਰ-ਉਪਦੇਸ਼ ਦੀ ਲੋੜ ਮਹਿਸੂਸ ਹੁੰਦੀ ਹੈ। ਇਸ ਪ੍ਰਤੀ ਗੁਰਵਾਕ ਹੈ :–

ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥੧॥

**ਗਿਆਨ**—ਭਟਕਣ ਦਾ ਮੂਲ ਕਾਰਨ ਭਰਮ ਅਥਵਾ ਅਗਿਆਨ ਹੈ। ਭਰਮ ਵਿਚ ਭੁੱਲਾ ਪ੍ਰਾਣੀ ਬਾਰ ਬਾਰ ਜਨਮਦਾ ਮਰਦਾ ਹੈ। ਇਸ ਦੇ ਗਿਆਨ-ਇੰਦਰੇ ਇਸ ਨੂੰ ਸਹੀ ਖ਼ਬਰ ਨਹੀਂ ਦਿੰਦੇ, ਅੰਧੇਰੇ ਵਿਚ ਰੱਖਦ ਹਨ। ਇਹ ਮਿਥਿਆ ਨੂੰ ਸੱਚ ਤੇ ਸੱਚ ਨੂੰ ਮਿਥਿਆ ਦ੍ਰਿਸ਼ਟਾਉਂਦੇ ਹਨ। ਅਸਲੀਅਤ ਕੁਝ ਹੋਰ ਹੋਣੀ, ਪਰ ਦਿਸਣਾ ਹੋਰ, ਸੁਣਨਾ ਹੋਰ ਤੇ ਸਮਝਣਾ ਹੋਰ। ਭਰਮ ਦਾ ਦ੍ਰਿਸ਼ਟਾਂਤ ਹੈ :–

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ (ਸੋਰਠਿ ਰਵਿਦਾਸ ਜੀ, ਪੰਨਾ ੬੫੭)

ਅਗਿਆਨੀ ਤੇ ਪਾਗਲ ਇਕੋ ਵਰਗ ਨਾਲ ਸੰਬੰਧ ਰੱਖਦੇ ਹਨ। ਦੋਨੋਂ ਬਿਨਾਂ ਪ੍ਰਯੋਜਨ ਭ੍ਰਮਦੇ ਫਿਰਦੇ ਹਨ। ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ–


www.AKJ.Org

ਕੁਭੇ ਬਧਾ ਜਲੁ ਰਹੈ, ਜਲ ਬਿਨੁ ਕੁੰਭੁ ਨ ਹੋਇ ।।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ।।੫।।੧੨।।

(ਵਾਰ ਆਸਾ, ਮ: ੧, ਪੰਨਾ ੪੬੯)

ਜਿਉਂ ਘੜੇ ਦਾ ਬੰਨ੍ਹਿਆ ਜਲ ਟਿਕਿਆ ਰਹਿੰਦਾ ਹੈ। ਜੇ ਘੜਾ ਜਲ ਨੂੰ ਟਿਕਾ ਕੇ ਨਹੀਂ ਰੱਖ ਸਕਦਾ, ਉਹ ਘੜਾ ਕਾਹਦਾ। ਤਿਵੇਂ ਗਿਆਨ ਮਨ ਦੀ ਅਡੋਲਤਾ ਕਾਇਮ ਰੱਖਦਾ ਹੈ, ਇਹ ਗਿਆਨ ਗੁਰੂ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ।

ਤੀਸਰੇ ਪਾਤਸ਼ਾਹ ਗਿਆਨ ਦੀ ਮਹੱਤਤਾ ਬਾਰੇ ਫੁਰਮਾਉਂਦੇ ਹਨ ਕਿ ਸੋਭਾਵੰਤੀ ਨਾਰ ਦਾ ਸਫਲ ਸੀਗਾਰ ਗਿਆਨ ਹੈ, ਦੈਵੀ ਗਿਆਨ ਨਾਲ ਸ਼ਿੰਗਾਰਿਆ ਸੁੰਦਰ ਗਲੇ ਦਾ ਹਾਰ ਹੈ। ਇਲਾਹੀ ਫ਼ੁਰਮਾਨ ਹੈ :–

ਇਹੁ ਮਨੂਆ ਕਿਉ ਕਰਿ ਵਸਿ ਆਵੈ ।।
ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ ।।੧।।ਰਹਾਉ।।......
ਗਿਆਨ ਅਪਾਰੁ ਸੀਗਾਰੁ ਹੈ ਸੋਭਾਵੰਤੀ ਨਾਰਿ ।।੪।।
ਸੋਹਾਗਣੀ ਸੀਗਾਰੁ ਬਣਾਇਆ ਗੁਣ ਕਾ ਗਲਿ ਹਾਰੁ... ।।੬।।੩੦।। (ਆਸਾ ਮ: ੩,ਪੰਨਾ ੪੨੬)

**ਗੁਰ-ਸੰਗਤਿ**– ਗੁਰ-ਸੰਗਤਿ ਦੇ ਗੁਣਾਂ ਦਾ ਕੋਈ ਸ਼ੁਮਾਰ ਨਹੀ। ਇਹ ਸਤਿਗੁਰੂ ਦੀ ਉਹ ਚਾਟਸਾਲ ਹੈ ਜਿਥੇ ਸੁਰਤਿ, ਮਤਿ, ਮਨ, ਬੁੱਧ ਵਿਚ ਘਾੜਤ ਦੁਆਰਾ ਮਹਾਨ ਤਬਦੀਲੀ ਹੁੰਦੀ ਹੈ। ਆਲਸੀ ਮਨ, ਉੱਦਮੀ ਬਣ ਜਾਂਦਾ ਹੈ ਤੇ ਮਮਤਾ ਦਾ ਜਾਲ ਕੱਟਿਆ ਜਾਂਦਾ ਹੈ। ਭੱਟਾਂ ਦੇ ਮਨ ਦੀ ਗੁੰਝਲ ਵੀ ਸਤਸੰਗਤ ਦੁਆਰਾ ਹੀ ਦੂਰ ਹੋਈ ਸੀ। ਗੁਰਦੇਵ ਜੀ ਦਾ ਹੁਕਮ ਹੈ :–

ਸਤਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ ।।
ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤਧਾਰ ਰਸਿ ਲੀੜਾ ।।੧।।
ਮੇਰੇ ਮਨ ਜਪਿ ਰਾਮ ਨਾਮੁ ਹਰਿ ਰੂੜਾ ।।...ਰਹਾਉ।।੬।। (ਜੈਤਸਰੀ ਮ: ੪, ਪੰਨਾ ੬੯੮)

**ਗੁਰ-ਸ਼ਬਦ**–ਮਨ ਹਾਥੀ ਸਮ ਦਿਵਾਨਾ ਹੈ ਤੇ ਬਨਖੰਡ ਵਿਚ ਕੁੰਡੇ ਬਿਨਾਂ ਭ੍ਰਮਦਾ ਫਿਰਦਾ ਹੈ। ਕੁੰਡਾ ਗੁਰੂ ਦਾ ਗਿਆਨ ਹੈ, ਇਉਂ ਮਨ ਦੀ ਵਾਗ ਡੋਰ ਸਤਿਗੁਰੂ ਦੇ ਹੱਥ ਹੈ। ਅਸੀਂ ਗਰਬ ਵਿਚ ਵਾਗ-ਡੋਰ ਆਪਣੇ ਹੱਥ ਲੈਂਦੇ ਹਾਂ। ਗੁਰ-ਮੰਤਰ ਦੀ ਪ੍ਰਾਪਤੀ ਸਮੇਂ ਮਨ ਸਤਿਗੁਰੂ ਨੂੰ ਅਰਪਣਾ ਹੁੰਦਾ ਹੈ, ਇਹ ਅੰਮ੍ਰਿਤ ਪ੍ਰਾਪਤੀ ਦਾ ਸੌਦਾ ਹੈ। ਜਿਹੜੇ ਗੁਰਸਿਖ ਆਪਣਾ ਮਨ ਸਤਿਗੁਰ ਪਾਸ ਵੇਚਦੇ ਹਨ, ਉਨ੍ਹਾਂ ਦੀ ਮਨ ਵੱਸ ਕਰਨ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ :–

ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ ।।
ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ ।।...੩।।੬।। (ਵਡਹੰਸੁ ਮ: ੪, ਪੰਨਾ ੫੭੬)

**ਨਾਮ-ਦ੍ਰਿੜ੍ਹਾਉਣਾ**–ਗੁਰੂ ਨਾਨਕ ਘਰ ਦੀ ਵਡਿਆਈ ਨਾਮ ਕਰਕੇ ਹੈ। ਨਾਮ ਤੋਂ ਸਭ ਬਖਸ਼ਸ਼ਾਂ, ਸ਼ਕਤੀਆਂ, ਕਰਾਮਾਤਾਂ ਆਪ-ਮੁਹਾਰੇ ਉਤਪੰਨ ਹੁੰਦੀਆਂ ਹਨ। ਮਾਣ ਵਡਿਆਈ ਦੇ ਚਸਕੇ ਅਧੀਨ, ਜਾਂ ਰੀਸ ਨਾਲ ਕੁਝ ਪ੍ਰਾਣੀ ਕੇਵਲ ਮਨ ਦੀ ਇਕਾਗਰਤਾ ਦੁਆਰਾ ਚਮਤਕਾਰੀ ਸਿੱਧੀਆਂ ਪ੍ਰਾਪਤ ਕਰਨ ਦਾ ਹੀਲਾ ਕਰਦੇ ਹਨ। ਐਸੇ ਸਾਧਕਾਂ ਦੀ ਤਸੱਲੀ ਨਿਰਮਲ ਕਰਮ, ਨਿਰਮਲ ਸੋਚਣੀ ਤੇ ਨਿਰਮਲ ਨਾਮ ਬਿਨਾਂ ਵੀ ਹੁੰਦੀ ਹੈ, ਜਦ ਕਿ ਸਤਿਗੁਰੂ ਬਖਸ਼ਸ਼ ਕਰਕੇ ਨਾਮ ਦ੍ਰਿੜ੍ਹਾਉਂਦਾ ਹੈ, ਹਿਰਦੇ ਵਿਚ ਵਸਾਉਂਦਾ ਹੈ, ਤੇ ਭਟਕਣ ਤੋਂ ਬਚਾਉਂਦਾ ਹੈ–

ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ ।।
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮਨੁ ਅਨਤ ਨ ਕਾਹੂ ਡੋਲੇ ।।੨।।੧।।

(ਵਾਰ ਸੋਰਠਿ, ਮ: ੪, ਪੰਨਾ ੬੪੨)


www.AKJ.Org

**ਪ੍ਰਭੂ ਦੀ ਯਾਦ**–ਸੁਤੰਤਰਤਾ ਤੋਂ ਮਾਨਸਕ ਸੁੱਖ ਪ੍ਰਾਪਤ ਹੁੰਦੇ ਹਨ, ਪਰ ਸੰਸਾਰ ਦੇ ਪਦਾਰਥਾਂ ਦਾ ਮੋਹ ਹਰੇਕ ਪੱਖੋਂ ਦੁਖਦਾਈ ਹੈ। ਖ਼ਾਹਸ਼ਾਂ ਦੀ ਤ੍ਰਿਪਤੀ ਹੋਰ ਹੋਰ ਖ਼ਾਹਸ਼ਾਂ ਨੂੰ ਜਨਮ ਦਿੰਦੀ ਹੈ, ਵੈਸੇ ਇਹ ਅਤ੍ਰਿਪਤੀ ਪ੍ਰੇਸ਼ਾਨੀਆਂ ਵਿਚ ਵਾਧਾ ਕਰਦੀ ਹੈ। ਇਸ ਦੁਬਿਧਾ ਵਿਚ ਫਸਿਆ ਮਨ, ਆਸਾ ਮਨਸਾ, ਦੁਚਿੱਤਾ-ਪਨ ਆਦਿਕ ਖਿੱਚਾ ਖਿੱਚੀ ਵਿਚ ਅਸ਼ਾਂਤ ਅਵਸਥਾ ਦੀ ਕੈਦ ਤੋਂ ਬਾਹਰ ਨਹੀਂ, ਨਿਕਲਦਾ। ਐਸੀ ਦਸ਼ਾ ਵਿਚ ਕੋਈ ਦੁਆਈ ਕਾਰਗਰ ਸਾਬਤ ਨਹੀਂ ਹੁੰਦੀ। ਖਿਨ ਖਿਨ ਢਹਿੰਦੀਆਂ ਕਲਾਂ ਵਿਚ ਜਾਣ ਵਾਲੇ ਮਨ ਨੂੰ ਕੇਵਲ ਪ੍ਰਭੂ ਦੀ ਯਾਦ ਹੀ ਸੰਤੁਲਨਤਾ ਦੀ ਅਵਸਥਾ ਵਿਚ ਕਾਇਮ ਰੱਖਦੀ ਹੈ–

ਮਨ ਕਉ ਹੋਇ ਸੰਤੋਖੁ ਧਿਆਈਐ ਸਦਾ ਹਰਿ ॥
ਸੋ ਲਗਾ ਸਤਿਗੁਰ ਸੇਵ ਜਾ ਕਉ ਕਰਮੁ ਧੁਰਿ ॥੬॥ (ਗੂਜਰੀ ਕੀ ਵਾਰ ਮ: ੫,-ਪੰ: ਪੰ੫੧੯)

**ਕੀਰਤਨ**–ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਜਗਤ ਨੂੰ ਨਿਰਮੋਲਕ ਕੀਰਤਨ ਦੀ ਮਹਾਨ ਦਾਤਿ ਪਰਦਾਨ ਕੀਤੀ ਹੈ। ਇਸ ਦੇ ਪ੍ਰੇਮ-ਰਸ ਦੀ ਮਹਿਮਾ ਨੂੰ, ਸੁਆਦ ਨੂੰ ਜਿਨ੍ਹਾਂ ਧਰਮਾਂ ਜਾਂ ਸੰਪਰਦਾਵਾਂ ਨੇ ਨਹੀਂ ਜਾਣਿਆ, ਉਨ੍ਹਾਂ ਪ੍ਰਤੀ ਜੇ ਇਹ ਗੱਲ ਆਖੀ ਜਾਵੇ ਕਿ ਉਹ ਕੀਰਤਨ ਦੀ ਅਗਾਧ ਬੋਧ ਅੰਮ੍ਰਿਤ ਮਈ ਕਲਾ ਤੋਂ ਸੱਖਣੇ ਹਨ ਤਾਂ ਇਸ ਵਿਚ ਰੱਤੀ ਭਰ ਵੀ ਮੁਬਾਲਗਾ ਨਹੀਂ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ 'ਹਰਿ ਕੀਰਤਨ' ਵਾਲੇ ਲੇਖ ਵਿਚ ਲਿਖਦੇ ਹਨ ਕਿ "ਕੀਰਤਨ ਕਲਜੁਗ ਦੀ ਸਮਾਧੀ ਹੈ। ਚੰਚਲ ਮਨ ਜੇ ਕਿਸੇ ਬਿਧਿ ਭੀ ਵਸਗਤਿ ਨਾ ਆਵੇ ਤਾਂ ਕੀਰਤਨ ਦੀ ਆਕਰਖਣ ਕਲਾ ਦੁਆਰਾ ਅਵੱਸ਼ ਅਸਥਿਰ ਹੋ ਜਾਂਦਾ ਹੈ। ਗੁਰਬਾਣੀ ਦਾ ਪਾਠ ਮਾਤਰ ਵੀ ਪਾਰਸ ਰੂਪ ਹੈ, ਪਰ ਗੁਰਬਾਣੀ ਦਾ ਕੀਰਤਨ ਤਾਂ ਤਤਕਾਲ ਹੀ ਅਗਾਧ ਪਾਰਸ-ਕਲਾ ਵਰਤਾਉਣ ਨੂੰ ਸਮਰੱਥ ਹੈ।" ਗੁਰਦੇਵ ਜੀ ਦਾ ਬਚਨ ਹੈ :–

ਐਸਾ ਕੀਰਤਨੁ ਕਰਿ ਮਨ ਮੇਰੇ ॥ ਈਹਾ ਊਹਾ ਜੋ ਕਾਮਿ ਤੇਰੈ ॥੧॥ਰਹਾਉ॥
ਜਾਸੁ ਜਪਤ ਭਉ ਅਪਦਾ ਜਾਇ ॥ ਧਾਵਤ ਮਨੂਆ ਆਵੈ ਠਾਇ ॥੨॥੨॥ (ਪੰਨਾ ੨੩੬)

**ਬਖਸ਼ਸ਼**–ਮਾਂ ਬਾਪ ਸਿਆਣੇ ਪੁੱਤਰ ਤੋਂ ਨਿਸਚਿੰਤ ਰਹਿੰਦੇ ਹਨ, ਪਰ ਭੋਲੇ ਭਾਲੇ ਸਿੱਧੇ ਸਾਦੇ ਪੁੱਤਰ ਨੂੰ ਗਲਤੀਆ ਤੋਂ ਬਚਾਉਣ ਲਈ ਆਪਣੀ ਨਿਗਾਹ ਵਿਚ ਰੱਖਦੇ ਹਨ। ਗੁਰਦੇਵ ਜੀ ਵੀ ਦਰ-ਢੱਠੇ, ਨਿਮਾਣੇ ਜਗਿਆਸੂ ਤੇ ਜ਼ਿਆਦਾ ਤਰੁੱਠਦੇ ਹਨ। ਨਿਮਾਣਾ ਬਣਨਾ ਸੌਖਾ ਨਹੀਂ, ਕਿਉਂਕਿ ਹਉਮੈ ਨੂੰ ਮਾਰਨਾ ਔਖਾ ਹੈ। 'ਨਿਰਮਾਣਤਾ' ਮਨ ਦਾ ਮਾਨ ਤਿਆਗ ਕੇ ਨਦਰਿ ਕਰਮ ਦੀ ਜਾਚਨਾ ਕਰਨ ਵਿਚ ਹੈ। ਢੀਠ ਮੰਗਤੇ ਨੂੰ ਵਫ਼ਾਦਾਰ ਕੂਕਰ ਵਾਂਗ ਖ਼ੈਰ ਮਿਲ ਹੀ ਜਾਂਦਾ ਹੈ। ਇਸੇ ਪਰਕਾਰ ਮਨ ਦਾ ਵੱਸ ਕਰਨਾ ਸਾਡੇ ਉੱਦਮਤੇ ਹੀਲੇ ਤੋਂ ਪਰੇ ਹੈ। ਇਸ ਦੀ ਬਖਸ਼ਸ਼ ਭੀ ਅਕਾਲ ਪੁਰਖ ਦੀ ਪ੍ਰਸੰਨਤਾ ਬਿਨਾਂ ਨਹੀਂ ਹੁੰਦੀ। ਇਸ ਪ੍ਰਤੀ ਗੁਰਵਾਕ ਹੈ :– ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ ॥

ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ ॥੧੦॥ (ਪੰਨਾ ੨੯੮)

---

## ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾਂ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ। ਉਸ ਨੰਬਰ ਨੂੰ ਨੋਟ ਕਰੋ ਜੀ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ।

੫. ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਕਿਸੇ ਜ਼ਾਤੀ ਨਾਂ ਤੇ ਨਾ ਭੇਜੋ।

੬. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫਟ ਅੰਮ੍ਰਿਤਸਰ ਦੇ ਹੀ ਭੇਜੋ। ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆ ਘਟੋ ਘਟ 15/–ਰੁਪਏ ਅਤੇ ਵਡੀਆਂ ਰਕਮਾਂ ਲਈ 20/–ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ।

www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ

[ਪ੍ਰੋਫ਼ੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜਾ (ਹੁਸ਼ਿਆਰਪੁਰ) ਵਾਲਿਆਂ ਦੇ ਦਰਸ਼ਨ ਦਾਸ ਨੇ ਪਹਿਲੀ ਵਾਰ ੧੯੭੩ ਵਿਚ "ਜਪ ਤਪ ਸਮਾਗਮ" ਤੇ ਕੀਤੇ। ਕੀਰਤਨ-ਸਮਾਗਮ ਤਾਂ ਸੁਣਿਆ ਸੀ, ਪਰ ਜਪ-ਤਪ-ਸਮਾਗਮ ਪਹਿਲੀ ਵਾਰ ਹੀ ਸੁਣਿਆ। ਉਥੇ ਤਲਵਾੜੇ ਤੋਂ ਅਖੰਡ ਕੀਰਤਨੀ ਜੱਥੇ ਦੇ ਸਿੰਘ ਸਿੰਘਣੀਆਂ ਖ਼ਾਸ ਤੌਰ ਤੇ ਇਸ ਸਮਾਗਮ ਵਿਚ ਸ਼ਾਮਲ ਹੁੰਦੇ। ਅੰਮ੍ਰਿਤ ਵੇਲੇ ੨ ਵਜੇ ਸਭ ਪ੍ਰਾਣੀਆਂ ਨੂੰ ਸਾਵਧਾਨ ਕੀਤਾ ਜਾਂਦਾ। ਪਹਿਰੇ ਤੇ ਸਿੰਘ ਖੜੇ ਹੁੰਦੇ, ਜੋ ਇਸ ਗੱਲ ਦਾ ਖ਼ਾਸ ਧਿਆਨ ਰਖਦੇ ਕਿ ਕੋਈ ਦੁਬਾਰਾ ਸੌਂ ਨਾ ਜਾਵੇ। ਤੜਕੇ ੨ ਵਜੇ ਤੋਂ ਰਾਤ ੯ ਵਜੇ ਤਕ ਪ੍ਰੋਗਰਾਮ ਹੁੰਦੇ। ਨਾਮ-ਬਾਣੀ-ਕੀਰਤਨ ਦੇ ਰੁਝੇਵਿਆਂ ਵਿਚੋਂ ੬ ਘੰਟੇ ਚਾਹ/ਸੌਂਣਾ, ਅਲਪ ਅਹਾਰ, ਹਲਕੀ ਜਿਹੀ ਸੈਰ ਆਦਿਕ ਦੇ ਕਢ ਕੇ ਬਾਕੀ ੧੩ ਘੰਟੇ ਜਪ ਤਪ ਦੀ ਕਿਰਤ ਕਾਰ ਚਲਦੀ।

ਸੰਤ ਬਾਬਾ ਜੀ ਦੀ ਪੱਕੀ ਤਾਕੀਦ ਹੁੰਦੀ ਕਿ ਉਹਨਾਂ ਛੇ ਕੁ ਘੰਟਿਆਂ ਦੌਰਾਨ ਭੀ ਸੁਰਤਿ ਸਾਈਂ ਵਲ ਜੋੜਨ ਲਈ ਕੋਸ਼ਿਸ਼ ਕਰੋ ਅਤੇ ਕੋਈ ਸੰਸਾਰਕ ਗੱਲ-ਬਾਤ ਨਾ ਕੀਤੀ ਜਾਵੇ। ਇਹਨਾਂ ਦਸ ਕੁ ਦਿਨਾਂ ਦੇ ਕੈਂਪ ਤੋਂ ਮਗਰੋਂ ਸੁਭਾਅ ਵਿਚ ਇਕ ਕੁਦਰਤੀ ਤਬਦੀਲੀ ਆਉਂਦੀ, ਪਰ ਕੋਈ ਵਿਰਲਾ ਉਸ ਨੂੰ ਤਗੜੇ ਹੋ ਕੇ ਸੰਭਾਲਦਾ ਹੈ।

ਸਾਡੀ ਸਮੱਸਿਆ ਇਹ ਹੈ ਕਿ ਅਸੀਂ ੨੪ ਘੰਟਿਆਂ ਵਿਚੋਂ ਮਸਾਂ ਨਿਤਨੇਮ ਦਾ ਸਮਾਂ ਹੀ, ਸਾਈਂ ਨਾਲ ਅੱਧ-ਪਚੱਧੀ ਸੁਰਤਿ ਜੋੜਦੇ ਹਾਂ, ਜਿਵੇਂ ਕਿ ਗੁਰੂ-ਪਾਤਸ਼ਾਹ ਦਾ ਉਲਾਂਭਾ ਲਾਹੁਣਾ ਹੁੰਦਾ ਹੈ। ਫਿਰ ਅਸੀਂ ਕਹਿੰਦੇ ਇਹ ਫਿਰਦੇ ਹਾਂ ਕਿ ਅੰਮ੍ਰਿਤ ਪਾਨ ਕਰ ਕੇ ਸਾਡੀ ਆਤਮਕ ਤਰੱਕੀ ਨਹੀਂ ਹੋਈ। ਪੂਰੀ ਕਮਾਈ ਕੀਤੇ ਬਿਨਾਂ ਅਤੇ ਧੰਦਿਆਂ ਤੋਂ ਸੁਰਤਿ ਉਚੀ ਚੁਕੇ ਬਿਨਾਂ ਆਤਮਕ ਉਨਤੀ ਕਿਵੇਂ ਹੋ ਸਕਦੀ ਹੈ?

ਬਾਬਾ ਹਰਨਾਮ ਸਿੰਘ ਜੀ ਆਪਣੇ ਆਪ ਨੂੰ 'ਸੰਤ' ਕਹਾਉਣ ਦੀ ਥਾਂ 'ਬਾਬਾ' ਕਹਾ ਕੇ ਹੀ ਪ੍ਰਸੰਨ ਹੁੰਦੇ ਸਨ। ਉਹ ਮੱਥੇ ਟਿਕਾਉਣ ਦੇ ਸਖ਼ਤ ਬਰਖਿਲਾਫ਼ ਸਨ। ਸਭ ਸੰਗਤਾਂ ਬਾਬਾ ਜੀ ਨੂੰ ਫਤਹ ਬੁਲਾਉਂਦੀਆਂ ਸਨ। ਆਪ ਸਭ ਸਿੰਘਾਂ ਦਾ ਆਦਰ ਕਰਦੇ ਅਤੇ ਆਪਣੇ ਬਰਾਬਰ ਬਿਠਾਉਂਦੇ ਸਨ। ਇਕ ਵਾਰ ਜਲੰਧਰ ਤੋਂ ਇਕ ਸਿੰਘ ਆਪ ਜੀ ਦੇ ਡੇਰੇ ਗਿਆ, ਫਤਹ ਬੁਲਾ ਕੇ ਉਹ ਹੇਠਾਂ ਫ਼ਰਸ਼ ਤੇ ਬੈਠ ਗਿਆ। ਬਾਬਾ ਜੀ ਉਸ ਨੂੰ ਕਹਿਣ ਲਗੇ, "ਸਿੰਘ ਜੀ, ਜਾਂ ਤੁਸੀਂ ਸਾਡੇ ਪਾਸ ਮੰਜੇ ਤੇ ਆ ਕੇ ਬੈਠੋ, ਨਹੀਂ ਅਸੀਂ ਤੁਹਾਡੇ ਕੋਲ ਫ਼ਰਸ਼ ਤੇ ਆ ਕੇ ਬੈਠ ਜਾਵਾਂਗੇ।" ਇਹ ਸੁਣ ਕੇ ਉਸ ਸਿੰਘ ਨੂੰ ਮਜਬੂਰਨ ਬਾਬਾ ਜੀ ਦੇ ਪਾਸ ਮੰਜੇ ਤੇ ਬੈਠਣਾ ਪਿਆ।

ਬਾਬਾ ਜੀ ੧੯੮੩ ਵਿਚ ਚੜ੍ਹਾਈਆਂ ਕਰ ਗਏ; ਪਰ ਉਸ ਇਲਾਕੇ ਵਿਚ ਆਪ ਜੀ ਦੇ ਤੱਪ-ਤੇਜ ਸਦਕਾ ਗੁਰਮਤਿ ਦਾ ਵਾਹ ਵਾਹ ਪ੍ਰਚਾਰ ਹੋਇਆ। ਹੁਣ ਵੀ ਡੇਰੇ ਦੇ ਮੁਖੀ ਸੰਚਾਲਕ ਭਾਈ ਸੇਵਾ ਸਿੰਘ ਜੀ ਵਲੋਂ ਜਪ ਤਪ ਸਮਾਗਮ ਤੇ ਗੁਰਮਤੀ ਪ੍ਰਚਾਰ ਦਾ ਉਦਮ ਜਾਰੀ ਹੈ।

ਡੇਰੇ ਵਲੋਂ ਛਪੀ ਬਾਬਾ ਜੀ ਦੀ ਜੀਵਨ-ਗਾਥਾ "ਸੇ ਕਿਨੇਹੀਆ" ਵਿਚੋਂ ਬਾਬਾ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਨਿੱਜੀ ਸੰਪਰਕ ਦੇ ਦਰਸ਼ਨ ਹੁੰਦੇ ਹਨ ਅਤੇ ਗੁਰਮਤਿ ਦੇ ਗੂੜ੍ਹੇ ਭੇਦਾਂ ਦੀ ਸਮਝ ਪੈਂਦੀ ਹੈ।

ਬਾਬਾ ਜੀ ਨੇ ਧਉਲਪੁਰ ਜ਼ਿਲੇ ਦੇ ਕਰੇਰੂਆ ਨਗਰ ਵਿਚ ਕੁਝ ਸਮਾਂ ਗੁਰਮਤਿ ਪ੍ਰਚਾਰ ਕੀਤਾ। ਇਸ ਪ੍ਰਚਾਰ ਸਦਕਾ ਬਹੁਤ ਸਾਰੇ ਲੋਕਾਂ ਮਾਸ ਸ਼ਰਾਬ ਛੱਡ ਦਿਤੀ। ਉਥੇ ਹੀ ਇਕ ਤਾਂਤ੍ਰਿਕ ਨਾਥ ਜੋਗੀ ਭੀ ਰਹਿੰਦਾ ਸੀ, ਜਿਸਦਾ ਇਸ ਗੁਰਮਤਿ ਪ੍ਰਚਾਰ ਕਾਰਨ ਮਾਨ ਸਤਿਕਾਰ ਘਟਿਆ। ਉਸ ਨੇ ਆਪਣੇ ਤਾਂਤ੍ਰਿਕ ਰਿਧੀਆਂ ਸਿਧੀਆਂ ਦੇ ਬਲ ਨਾਲ ਬਾਬਾ ਹਰਨਾਮ ਸਿੰਘ ਜੀ ਦੀ ਆਤਮਕ ਅਵਸਥਾ ਨੂੰ ਖ਼ਤਮ ਕਰਨਾ ਚਾਹਿਆ।



www.AKJ.Org

ਬਾਬਾ ਜੀ ਸਰਦੀ ਦੇ ਦਿਨਾਂ ਵਿਚ ਆਪਣੇ ਨਿਵਾਸ-ਅਸਥਾਨ ਤੇ ਧੁੱਪੇ ਇਕ ਮੰਜੀ ਤੇ ਬੈਠੇ ਸਿਮਰਨ ਕਰ ਰਹੇ ਸਨ। ਇਹਨਾਂ ਤੋਂ ੨੦੦ ਗਜ਼ ਦੀ ਵਿੱਥ ਤੇ ਨਾਥ ਜੋਗੀ ਨੇ ਆਪਣੇ ਮੰਤ੍ਰ ਤੰਤ੍ਰ ਕਰਨੇ ਸ਼ੁਰੂ ਕਰ ਦਿਤੇ। ਬਾਬਾ ਜੀ ਦਸਦੇ ਹਨ ਕਿ ਉਹਨਾਂ ਦੇ ਜੀਅ ਨੂੰ ਕੁਝ ਕਾਹਲੀ ਜਿਹੀ ਪਈ। ਆਲੇ ਦੁਆਲੇ ਦੇਖਿਆ ਤਾਂ ਉਹ ਜੋਗੀ ਖੜਾ ਸੀ। ਪਰ ਆਪ ਸਿਮਰਨ ਵਿਚ ਹੀ ਜੁਟੇ ਰਹੇ।

ਦੂਜੇ ਤੀਜੇ ਦਿਨ ਵੀ ਉਹ ਜੋਗੀ ਇਸੇ ਤਰ੍ਹਾਂ ਆਪਣੀ ਤੰਤ੍ਰ ਵਿਦਿਆ ਦੇ ਜ਼ੋਰ ਨਾਲ ਬਾਬਾ ਜੀ ਨੂੰ ਸਿਮਰਨ ਵਿਚੋਂ ਉਖੇੜਨ ਲਗਾ, ਤਾਂ ਤੀਸਰੇ ਦਿਨ ਬਾਬਾ ਜੀ ਨੇ ਉਸ ਵਲ ਨਿਗਾਹ ਕੀਤੀ ਅਤੇ ਇਕਾਗਰ-ਚਿੱਤ ਹੋ ਕੇ ਉਚੀ ਸੁਰ ਵਿਚ ਆਖਿਆ : "ਵਾ-ਹਿ-ਗੁ-ਰੂ" ਉਹ ਜੋਗੀ ਜ਼ਮੀਨ ਤੇ ਡਿੱਗ ਪਿਆ। ਜਦੋਂ ਦੂਜੀ ਵੇਰ ਵਾਹਿਗੁਰੂ ਆਖਿਆ ਤਾਂ ਉਹ ਨਾਥ ਜੋਗੀ ਚਾਰ ਫ਼ੁੱਟ ਜ਼ਮੀਨ ਤੇ ਪਿਆ ਪਿਆ ਘਸੀਟਿਆ ਗਿਆ। ਜਦੋਂ ਤੀਸਰੀ ਵਾਰੀ ਗੁਰਮੰਤਰ ਦਾ ਜਾਪ ਕੀਤਾ ਤਾਂ ਉਹ ਜੋਗੀ ਘਸਰਦਾ ਹੋਇਆ ਹੋਰ ਨੇੜੇ ਆ ਗਿਆ ਤੇ ਲਗਾ ਮਾਫ਼ੀਆਂ ਮੰਗਣ : ਮੈਨੂੰ ਬਖ਼ਸ਼ ਦਿਉ, ਮੈਥੋਂ ਗ਼ਲਤੀ ਹੋਈ ਹੈ; ਮੁੜ ਕੇ ਮੈਂ ਕਿਸੇ ਸਿੱਖ ਸੰਤ ਨਾਲ ਕਦੇ ਬਦਸਲੂਕੀ ਨਹੀਂ ਕਰਾਂਗਾ।" ਬਾਬਾ ਜੀ ਨੇ ਉਸ ਨੂੰ ਮੂੰਹੋਂ ਕੁਝ ਨਹੀਂ ਕਿਹਾ, ਆਪ ਸਿਮਰਨ ਵਿਚ ਮਗਨ ਹੋ ਗਏ। ਉਹ ਜੋਗੀ ਮਗਰੋਂ ਉਹ ਨਗਰ ਹੀ ਛੱਡ ਗਿਆ।

ਸਪਸ਼ਟ ਹੈ ਕਿ ਸਤਿਗੁਰਾਂ ਦੁਆਰਾ/ਪੰਜਾਂ ਪਿਆਰਿਆਂ ਦੁਆਰਾ ਦ੍ਰਿੜ੍ਹਾਇਆ ਗੁਰਮੰਤਰ ਹਰ ਪ੍ਰਕਾਰ ਦੇ ਤੰਤ੍ਰਾਂ ਮੰਤ੍ਰਾਂ ਨੂੰ ਭਸਮ ਕਰ ਸਕਦਾ ਹੈ, ਬ-ਸ਼ਰਤੇ-ਕਿ ਸਿੰਘ ਨਾਮ ਦਾ ਅਭਿਆਸੀ ਹੋਵੇ ਤੇ ਮੰਦ ਭਾਵਨਾ ਨਾਲ ਕਿਸੇ ਤੇ ਵਾਰ ਨਾ ਕਰੇ।

---

## ਕੌਣ ਹੈ ਐਸਾ ?

| | |
|---|---|
| ਗੁਲਾਮ ਕੌਣ ਹੈ ? | ਜੋ ਮਨੁੱਖ ਮਨ ਦੇ ਮਗਰ ਲਗਦਾ ਹੈ। |
| ਅਜ਼ਾਦ ਕੌਣ ਹੈ ? | ਜਿਸ ਨੇ ਮਨ ਤੇ ਕਾਬੂ ਪਾ ਲਿਆ ਹੈ। |
| ਵੈਰੀ ਕੌਣ ਹੈ ? | ਮਨੁੱਖ ਦੇ ਆਪਣੇ ਖ਼ਿਆਲ ਅਤੇ ਕਰਮ। |
| ਮਿੱਤਰ ਕੌਣ ਹੈ ? | ਚੰਗਾ ਸੁਭਾਅ ਅਤੇ ਚੰਗੇ ਕਰਮ। |
| ਸੁੱਤਾ ਕੌਣ ਹੈ ? | ਜੋ ਵਾਹਿਗੁਰੂ ਤੋਂ ਭੁਲਾ ਹੋਇਆ ਹੈ। |
| ਜਾਗਦਾ ਕੌਣ ਹੈ ? | ਜੋ ਵਾਹਿਗੁਰੂ ਜੀ ਦੇ ਚਰਨਾਂ ਵਿਚ ਜੁੜਿਆ ਹੈ |
| ਧਨੀ ਕੌਣ ਹੈ ? | ਜਿਸ ਨੂੰ ਸੰਤੋਖ ਆ ਗਿਆ। |
| ਮੁਥਾਜ ਕੌਣ ਹੈ ? | ਜਿਸ ਦੀ ਤ੍ਰਿਸ਼ਨਾ ਮੁਕਦੀ ਨਹੀਂ। |
| ਬੁਰਾ ਕੌਣ ਹੈ ? | ਜੋ ਪੜ੍ਹ ਸੁਣ ਕੇ ਅਮਲ ਨਹੀਂ ਕਰਦਾ। |
| ਬੋਲਾ (ਡੋਰਾ) ਕੌਣ ਹੈ ? | ਜੋ ਭਲਾਈ ਦੀ ਗੱਲ ਨਹੀਂ ਸੁਣਦਾ। |
| ਗੂੰਗਾ ਕੌਣ ਹੈ ? | ਜੋ ਵਾਹਿਗੁਰੂ ਜੀ ਦਾ ਨਾਮ ਨਹੀਂ ਜਪਦਾ। |
| ਅੰਨ੍ਹਾ ਕੌਣ ਹੈ ? | ਜੋ ਸਰਬ-ਵਿਆਪਕ ਪ੍ਰਭੂ ਨੂੰ ਨਹੀਂ ਦੇਖਦਾ। |
| ਪ੍ਰਸੰਸਾ ਯੋਗ ਕੌਣ ਹੈ ? | ਮਨ ਅਪੁਨੇ ਤੇ ਬੁਰਾ ਮਿਟਾਨਾ ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥(੨੬੬) |

ਤਾਂ ਤੇ--

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥ (ਜਿਨਿ = ਕਦੇ ਵੀ ਨਾ) (੬੯੪)



www.AKJ.Org

# ਸਾਈਂ ਦੇ ਪਿਆਰੇ

[ਸ: ਅਤਰ ਸਿੰਘ ਜੀ 'ਨੀਰ', 95 ਸ਼ੀਤਲ ਅਪਾਰਟਮੈਂਟ, ਸੈਕਟਰ-14, ਰੋਹਣੀ, ਦਿਲੀ-85]

ਹਿਰਦੇ ਵਿਚ ਵਸਾਈ ਰਖਦੇ, ਜੋ ਸਾਈਂ ਨੂੰ ਪਿਆਰੇ।
ਮਾਣ ਮਿਹਰ ਅਗੰਮੀ, ਸਦ ਹੀ ਲੈਂਦੇ ਪ੍ਰੇਮ-ਹੁਲਾਰੇ।
ਨੇੜਾ ਪਾ ਦਾਤਾਰ ਸਚੇ ਦਾ, ਰਹਿੰਦੇ ਸਦਾ ਸਰੂਰੇ।
ਸੁਖ ਸ਼ਾਂਤੀ ਤੇ ਪਿਆਰ ਚਿ ਰਤੜੇ, ਫਿਰਨ ਸਦਾ ਮਖ਼ਮੂਰੇ।
ਸੂਰਤ ਉਚੇਰੀ, ਸੋਚ ਸੁਚੱਜੀ, ਸਰਬ ਸਾਂਝ ਹਰ ਪਾਸੇ।
ਬੇਪ੍ਰਵਾਹੀ, ਬੇਮੁਹਤਾਜੀ, ਮਿਠੇ ਬਚਨ ਹੁਲਾਸੇ।
ਦਾਤ ਖਸਮ ਦੀ 'ਸਚੁ' ਸੁਚੀ, ਜੀਵਨ ਰੰਗ ਲਿਸ਼ਕਾਵੇ।
ਮੇਟ ਅੰਧਾਰੇ ਮਨ ਰੁਸ਼ਨਾਵੇ, ਕਾਰਜ ਸਭ ਸਵਾਰੇ।
ਚਿਤ ਸਦਾ ਪ੍ਰਸੰਨ ਤੇ ਰਾਜ਼ੀ, ਬੁਲ੍ਹੀਆਂ ਉਤੇ ਹਾਸੀ।
ਹਿਰਦੇ ਵਿਚ ਗਰੀਬੀ ਮਿੱਠਤ ਰੁਮਕੇ ਦੁਰਮਤਿ-ਨਾਸੀ।
ਜੁਧ ਕਰਨ ਨਿਤ ਨਾਲ ਮਨਾਂ ਦੇ, ਨਿਬੜਨ ਹੋ ਕੇ ਸੂਰੇ।
ਆਤਮ-ਰਸ ਦਾ ਮਾਣਦੇ ਖੇੜਾ, ਰਹਿਣ ਸਦਾ ਠਰੂਰੇ।
ਹਾਜ਼ਰ ਨਾਜ਼ਰ ਵੇਖਣ ਪ੍ਰੀਤਮ, ਹਰ ਸਮੇਂ ਹਰ ਵੇਲੇ।
ਸਿਫ਼ਤ ਸਲਾਹ ਦੇ ਅੰਦਰ ਰਤੇ, ਪਾਵਣ ਰੰਗ ਸੁਹੇਲੇ।
ਸਚੀ ਸੁਚੀ ਕਿਰਤ ਸਦਾ ਹੀ, ਮਨ ਸਦਾ ਹੀ ਸੁਚੇ।
ਧੀਰਜ ਅਤੇ ਸਹਜ-ਰਸ ਚਿ, ਸੂਰਬੀਰ ਉਹ ਉਚੇ।
ਮਾਰ ਲਵਣ ਉਹ ਮਨ ਦੀਆਂ ਮਾਰਾਂ, ਬਿਲਕੁਲ ਨਿਰਭਉ ਹੋ ਕੇ।
ਹਉਮੈ ਤੇ ਹੰਕਾਰ ਨਿਵਾਰਨ, ਗੁਰਮਤਿ ਵਿਚ ਸਮੋ ਕੇ।
ਅਪਣਾ ਆਪ ਮਿਟਾ ਕੇ ਹੀ ਹੈ, ਸੂਝ ਸਾਈਂ ਦੀ ਮਿਲਦੀ।
ਕਕਰ ਧੁਪ ਹਨੇਰੀਆਂ ਸਹਿ ਕੇ, ਕਲੀ ਹੈ ਫੁਲਦੀ ਖਿਲਦੀ।
ਸਹਿਜੇ ਸਹਿਜੇ ਟਹਿਕ ਟਹਿਕ ਕੇ, ਫੁਲ ਵੰਡਦਾ ਹੈ ਖੇੜਾ।
ਆਖ਼ਰ ਨੂੰ ਸਤਿਕਾਰਿਆ ਜਾਂਦਾ, ਕਰੇ ਮੁਸ਼ੱਕਤਾਂ ਜਿਹੜਾ।
ਸਾਈਂ ਸੋਹਣੇ ਦੇ ਦਰ ਦੇ ਉਤੇ, ਗੁਰਮੁਖ ਪਰਉਪਕਾਰੀ।
ਪਾਂਦੇ ਮਾਣ ਮਰਾਤਬੇ ਲਖਾਂ, ਸੱਚ ਦੇ ਬਣ ਵਪਾਰੀ।
ਬੇਫ਼ਿਕਰੀ ਤੇ ਬੇਮੁਹਤਾਜੀ, ਸ਼ਾਂਤਮਈ ਦਾ ਵਾਸਾ।
ਚੜ੍ਹਦੀਆਂ ਕਲਾਂ ਤੇ ਸਦਾ ਸੱਚ ਦੇ,ਬਣਿਆ ਰਹੇ ਭਰਵਾਸਾ।
ਰਖੋ ਪਰੇ ਪਰੇਰੇ ਸਦ ਹੀ, ਮਨ ਵਧ੍ਹੇ ਦੀਆਂ ਮਾਰਾਂ।
ਤਾਂ ਹੀ ਵਸਣੇ 'ਨੀਰ' ਸਾਈਂ ਦੀ ਬਖ਼ਸ਼ਸ਼ ਦੀਆਂ ਫੁਹਾਰਾਂ।

---

## 'ਸੂਰਾ' ਮਾਸਕ ਪੱਤਰ ਦੇ ਪ੍ਰੇਮੀ ਗੁਰਸਿਖੋ !

'ਸੂਰਾ' ਨੂੰ ਚੜ੍ਹਦੀਆਂ ਕਲਾ ਵਿਚ ਰਖਣ ਲਈ, ਇਸ ਦੇ ਨਵੇਂ ਮੈਂਬਰ ਬਣਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਓ ਜੀ।



www.AKJ.Org

# ਰਹਿਤਵਾਨ ਸਿੰਘ ਦੀ ਮਹਾਨਤਾ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਐਸੇ ਸਿੰਘ ਉਤੇ ਗੁਰੂ ਸਦਾ ਮੇਹਰਬਾਨ ਹੈ, ਸਿਦਕ ਸਬੂਰਾ ਜੇਹੜਾ ਪੂਰਾ ਰਹਿਤਵਾਨ ਹੈ।
ਸੀਸ ਉਤੇ ਜੀਹਦੇ ਨੀਲੀ ਪੀਲੀ ਦਸਤਾਰ ਸੋਹੇ, ਕੜਾ ਹਥੀਂ ਗਾਤਰੇ ਚਿ ਸੋਂਹਦੀ ਕਿਰਪਾਨ ਹੈ।
ਜਤਿ ਦਾ ਕਛਹਿਰਾ ਸੋਹੇ, ਸਤਿ ਉਤੇ ਪਹਿਰਾ ਹੋਵੇ, ਦਾੜ੍ਹੇ ਮੁਛ ਵਾਲਾ ਮੁਖ ਸ਼ੇਰ ਦਾ ਸਮਾਨ ਹੈ।
ਨਾਮ ਦਾਨ ਜਿਹਦੀ ਮੰਗ, ਜਾਣੇ ਗੁਰੂ ਅੰਗ ਸੰਗ, ਪ੍ਰੇਮੀ ਨਿਤਨੇਮੀ ਗੁਰ-ਚਰਨਾਂ ਚਿ ਧਿਆਨ ਹੈ।
ਦੀਨਾਂ ਦਾ ਸਹਾਈ ਜੇਹੜਾ, ਸੰਤ ਤੇ ਸਿਪਾਹੀ ਜੇਹੜਾ, ਮੌਤ ਹੈ ਗ਼ੁਲਾਮੀ ਤੇ ਆਜ਼ਾਦੀ ਜਿਹਦੀ ਜਾਨ ਹੈ।
ਠਲ੍ਹੇ ਕੂੜ ਦਾ ਤੂਫ਼ਾਨ, ਜੋ ਫ਼ੌਲਾਦੀ ਸੀਨਾ ਤਾਣ, ਖੰਡੇ-ਧਾਰ ਅੰਮ੍ਰਿਤ ਨੂੰ ਕੀਤਾ ਜਿਸ ਪਾਣ ਹੈ।
ਨਿਜ ਦੇ ਭੁਲਾਉਂਦਾ ਸੁਖ, ਜਗ ਦੇ ਵੰਡਾਉਂਦਾ ਦੁੱਖ, ਭੀੜਾ ਬਣੇ ਦੇਸ਼ ਉਤੋਂ ਵਾਰਦਾ ਪ੍ਰਾਣ ਹੈ।
ਘਾਲਾਂ ਨਿਤ ਘ਼ਾਲਦਾ ਜੋ, ਸਿੱਖੀ ਨੇਮ ਪਾਲਦਾ ਜੋ, ਕੌਮੀ ਹਿਤ ਲਈ ਦਸ਼ਵੰਧ ਦਿੰਦਾ ਦਾਨ ਹੈ।
ਚਤਰ ਸਿਆਣਾ ਹੋਵੇ, ਦਾਨਿਆਂ ਦਾ ਦਾਨਾ ਹੋਵੇ, ਗੁਰੂ ਘਰ ਆਉਂਦਾ ਬਣ ਜਾਂਵਦਾ ਨਾਦਾਨ ਹੈ।
ਚੰਗੀਆਂ ਪਰਾਈਆਂ, ਜਿਹਨੂੰ ਜਾਪਦੀਆਂ ਮਾਤ-ਜਾਈਆਂ, ਨਾਰੀ ਸੰਸਾਰ ਦਾ ਵਧਾਉਂਦਾ ਜੇਹੜਾ ਮਾਨ ਹੈ।
ਜਗ ਦੀ ਭਲਾਈ ਮੰਗੇ, ਸੁਲਾਹ ਤੇ ਸਫ਼ਾਈ ਮੰਗੇ, ਜਨ ਹਿਤਕਾਰੀ ਜਿਹਨੂੰ ਮੰਨਦਾ ਜਹਾਨ ਹੈ।
ਹੱਥ ਅੱਡਣਾ ਗੁਨਾਹ, ਹੱਕ ਛੱਡਣਾ ਗੁਨਾਹ, ਖੱਟ-ਘਾਲ, ਖਾ-ਖਵਾਲ ਜਿਹਦੀ ਨਿਜੀ ਗੁਜ਼ਾਰਨ ਹੈ।
ਲੜੇ ਨਾ ਅਮੀਰੀਆਂ ਲਈ, ਖੜੇ ਨਾ ਵਜ਼ੀਰੀਆਂ ਲਈ, ਪੰਥ-ਏਕਤਾ ਦਾ, ਜਿਹੜਾ ਦੀਨ ਤੇ ਈਮਾਨ ਹੈ।
ਔਕੜਾਂ ਤੋਂ ਉੱਕਦਾ ਨਹੀਂ, ਅੱਧਵਾਟੇ ਰੁੱਕਦਾ ਨਹੀਂ, ਪੁੱਜਦਾ ਟਿਕਾਣੇ ਸਿੰਘ, ਸਿਰੜੀ ਜਵਾਨ ਹੈ।
ਮਾਣ ਹੈ ਅਕਾਲ ਉਤੇ, ਸਰਬ ਪ੍ਰਤਿਪਾਲ ਉਤੇ, ਮੰਨਦਾ ਪਰਾਇਆ ਹੱਕ ਜ਼ਹਿਰ ਦੇ ਸਮਾਨ ਹੈ।
ਜਾਣੇ ਸਾਰਾ ਜੱਗ ਮੀਤ, ਸਿੱਖੀ ਦੀ ਨਿਭਾਵੇ ਰੀਤ, ਮਨ ਵਿਚ ਜਿਹਦੇ ਗੁਰਮਤਿ ਦਾ ਗਿਆਨ ਹੈ।
ਗੁਰਸਿਖ ਵਾਲੀ ਚਾਲ, ਲਿਖਾਂ ਮੇਰੀ ਕੀ ਮਜਾਲ, ਸਿੰਘ ਸੂਰਾ ਵੀ ਮਹਾਨ, ਗੁਰ ਪੂਰਾ ਵੀ ਮਹਾਨ ਹੈ।

ਗੁਰਮੁਖ ਜੀਵਨ ਦਾ ਚਿਤਰਨ—

# ਕਦੇ ਡੋਲਦਾ ਨਹੀਂ

[ਸ: ਸੁਰਜੀਤ ਸਿੰਘ ਸਾਜਨ, ਰੈਣ ਬਸੇਰਾ, 929-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ]

ਜੇ ਚੁਪ ਬੈਠਦਾ, ਤਾਂ ਦੁਨੀਆ ਕਹੇ, ਇਹ ਬੋਲਦਾ ਨਹੀਂ।
ਇਹ ਕੈਸਾ ਮਨੁਖ ਹੈ, ਕਿ ਦੁਖਾਂ ਦੀ ਗੰਢੜੀ ਖੋਲ੍ਹਦਾ ਨਹੀਂ।
ਕੋਈ ਕੁਝ ਵੀ ਪਿਆ ਕਹੀ ਜਾਵੇ, ਇਹ ਸਭ ਨੂੰ ਸੁਣੀ ਜਾਵੇ,
ਇਹ ਉਬਾਲ ਵਿਚ ਨਹੀਂ ਆਉਂਦਾ, ਇਹ ਕਦੇ ਡੋਲਦਾ ਨਹੀਂ।
ਹਰ ਕੋਈ ਇਸ ਦਾ ਬੁਰਾ ਕਰਨ ਦੀ, ਤਾਕ ਵਿਚ ਫਿਰਦਾ ਹੈ,
ਇਹ ਕਿਸੇ ਦਾ ਬੁਰਾ ਨਾ ਚਿਤਵੇ, ਅੰਦਰ ਵਿਸ ਘੋਲਦਾ ਨਹੀਂ।
ਕਿੰਨੇ ਕੁ ਗ਼ਮ ਮਿਲੇ ਨੇ ਇਸ ਨੂੰ, ਪਤਾ ਨਹੀਂ ਹੈ ਬਿਲਕੁਲ,
ਇਹ ਉਸ ਦੀ ਰਜ਼ਾ ਵਿਚ ਰਾਜ਼ੀ, ਗ਼ਮ ਤੋਲਦਾ ਨਹੀਂ।
ਇਹ ਅਤੀਤ ਦੇ ਪਰਛਾਵਿਆਂ ਨੂੰ, ਜ਼ਿਹਨ ਚਿ ਰਖਣਾ ਨਹੀਂ ਚਾਹੁੰਦਾ,
ਇਸੇ ਲਈ ਤਾਂ ਇਹ ਆਪਣੇ ਅਤੀਤ ਨੂੰ, ਫਰੋਲਦਾ ਨਹੀਂ।
ਵਕਤ ਨੇ ਇਸ ਬਸ਼ਰ ਨੂੰ, ਭਾਵੇਂ ਕਿ ਸਤਾਇਆ ਬਹੁਤ ਹੈ,
ਇਹ ਚੁਪ ਹੈ, ਸਿਤਮ ਸਹੀ ਜਾਂਦਾ, ਪਰ ਬੋਲਦਾ ਨਹੀਂ।


www.AKJ.Org

ਇਸ ਨੂੰ ਸਿਖਾਇਆ ਹੈ ਸਬਕ, ਦੁਨੀਆ ਦੇ ਭੈੜੇ ਵਤੀਰੇ ਨੇ,
ਦਿਲ ਚਿ ਇਸ ਦੇ ਦਰਦ, ਪਰ ਇਹ ਘੁੰਡੀ ਖੋਲ੍ਹਦਾ ਨਹੀਂ।
ਲਖ ਵਾਰ ਜ਼ਮਾਨਾ ਭਾਵੇਂ, ਇਸ ਦੇ ਅਰਮਾਨਾਂ ਦਾ ਖ਼ੂਨ ਕਰੀ ਜਾਵੇ,
ਇਹ ਨਿਮਾਣਾ ਭੁਲ ਕੇ ਵੀ, ਕਿਸੇ ਦੇ ਅਰਮਾਨ ਮਧੋਲਦਾ ਨਹੀਂ।
'ਸਾਜਨ' ਇਸ ਮਨੁੱਖ ਦੇ ਅਸ਼ਕੇ, ਇਹ ਕਿਸ ਮਿੱਟੀ ਦਾ ਬਣਿਆ,
ਕਹਿਰਾਂ ਦਾ ਭੰਨਿਆ ਹੋਇਆ, ਇਹ ਜੀਊੜਾ ਕਦੇ ਡੋਲਦਾ ਨਹੀਂ।

# ਸਾਵਧਾਨ ਹੋ ਸਿੱਖ ਸਰਦਾਰਾ

[ਸ: ਰਾਜਿੰਦਰ ਸਿੰਘ ਵਿਦਿਆਰਥੀ, 9–ਮੁਗਲਿਸਟਨ ਰੋਡ, ਸਿੰਘਾਪੁਰ–1543]

ਸਾਵਧਾਨ ਹੋ ਸਿਖ ਸਰਦਾਰਾ ਖ਼ੱਤਰੇ ਵਿਚ ਹੈ ਤੇਰੀ ਜਾਨ।
ਮਿੱਟੀ ਦੇ ਵਿਚ ਰੁਲਦੀ ਜਾਂਦੀ ਰਹਿੰਦੀ ਖੂੰਹਦੀ ਤੇਰੀ ਸ਼ਾਨ।
ਜਦ ਤੂੰ ਸੈਂ ਰਣਜੀਤ ਓਏ ਸ਼ੇਰਾ, ਤੇਰੀ ਗਰਜ ਤੋਂ ਸਭ ਡਰਦੇ ਸੀ।
ਕਾਲੇ ਗੋਰੇ ਤੇ ਅਫ਼ਗਾਨੀ, ਬਿਨ ਕਹਿਆਂ, ਪਾਣੀ ਭਰਦੇ ਸੀ।
ਪਰ ਜਦ ਚੜ੍ਹਿਓਂ ਹੱਥ ਧਿਆਨੇ, ਡੁੱਬੀ ਬੇੜੀ ਥੋੜੇ ਪਾਣੀ।
ਅਣਿਆਈ ਮੌਤੇ ਜਾ ਮਰਿਓਂ, ਰਹਿਆ ਰਾਜ ਨਾ ਨਲਵਾ ਰਾਣੀ।
ਹੋਰ ਵੀ ਪਹਿਲਾਂ ਬੀਰ ਬਹਾਦਰ, ਬੰਦਾ ਸਿੰਘ ਸਰਦਾਰ ਵੀ ਸੈਂ ਤੂੰ।
ਦਿੱਲੀ ਤਕ ਦੀ ਸਿਕਦਾਰੀ ਦਾ, ਮਾਲਕ ਤੇ ਕਰਦਾਰ ਵੀ ਸੈਂ ਤੂੰ।
ਪਰ ਫੁੱਟ ਚੰਦਰੀ ਨੂੰ ਜਦ ਵਰਿਆ, ਪੈ ਗਏ ਸੰਗਲ ਗਲ ਵਿਚ ਤੇਰੇ।
ਘਲੂਘਾਰਿਆਂ ਰੱਤ ਨਚੋੜੀ, ਰਹਿਆ ਖੱਤ ਨਾ ਬਲ ਵਿਚ ਤੇਰੇ।
ਕਲ੍ਹ ਦੀ ਗੱਲ ਹੈ, ਫ਼ਰਹੰਗੀ ਨੇ, ਤੈਨੂੰ ਵੀ ਦਿੱਤਾ ਸੀ ਮਾਨ।
ਪਾਕਿਸਤਾਨ ਬਣਾ ਕੇ ਟੁੰਬਿਆ, ਕਹਿਆ ਸੀ ਹੋ ਜਾ ਸਾਵਧਾਨ।
ਸਾਵਧਾਨ ਓਇ ਸਿਖ ਸਰਦਾਰਾ, ਖ਼ਤਰੇ ਵਿਚ ਹੈ ਤੇਰੀ ਜਾਨ।
ਮਿੱਟੀ ਦੇ ਵਿਚ ਰੁੱਲ ਜਾਏਗੀ, ਰਹਿੰਦੀ ਖੂੰਹਦੀ ਤੇਰੀ ਸ਼ਾਨ। **ਸਾਵਧਾਨ ਹੋ ਸਿੱਖ...**
ਤੂੰ ਦੋ-ਚਿੱਤੀ ਦੇ ਵਹਿਣਾਂ ਵਿਚ, ਕੱਖਾਂ ਵਾਂਙੂ ਰੁੜ੍ਹ ਗਇਓਂ ਸਿੱਖਾ।
ਨਾ ਉਰਵਾਰ ਨਾ ਪਾਰ ਤੇ ਧੱਕੇ, ਨਿਤ ਖਵਾਰੀ ਬੁੜ੍ਹ ਗਇਓਂ ਸਿੱਖਾ।
ਕੌਣ ਸੈਂ ਤੂੰ ਤੇ ਕੀ ਹੁਣ ਬਣਿਆ, ਨੀਝਾਂ ਲਾ ਕੇ ਵੇਖ ਤ ਸਿੱਖਾ!
ਇੱਜ਼ਤ ਅਣਖ ਕਿੰਨੀ ਹੈ ਬਾਕੀ, ਮੀਝ੍ਹਾਂ ਲਾ ਕੇ ਵੇਖ ਤ ਸਿੱਖਾ!
ਜੋ ਭਰਦੇ ਸੀ ਪਾਣੀ ਤੇਰਾ, ਅੱਜ ਓਹ ਤੇਰੇ ਸਿਰ ਤੇ ਚੜ੍ਹ ਕੇ,
ਨਿਤ ਨਿਰਾਦਰ ਕਰਦੇ ਤੇਰਾ, ਹਰਿਮੰਦਰ ਦੇ ਅੰਦਰ ਵੜ ਕੇ।
ਤੇਰੇ ਹੱਥੋਂ ਤੇਰੇ ਹੀ ਵੀਰਾਂ ਭੈਣਾਂ ਨੂੰ ਕੁੱਟ ਚੜ੍ਹਾਉਂਦੇ।
ਫਾੜੋ ਫਾੜ ਛਿਲਤ੍ਹਾਂ ਕਰ ਕੇ, ਮਿੱਟੀ ਦੇ ਵਿਚ ਪਏ ਰੁਲਾਉਂਦੇ।
ਤੂੰ ਵੀ ਅਪਣੇ ਹੱਥੀਂ ਅਪਣੇ ਪੈਰ ਕੁਹਾੜੇ ਮਾਰ ਰਿਹਾ ਹੈਂ।
ਅਪਣੀ ਹੀ ਨਿੱਕੀ ਝੁੱਗੀ ਨੂੰ, ਤੀਲੀ ਲਾ ਕੇ ਸਾੜ ਰਿਹਾ ਹੈਂ।


www.AKJ.Org

ਰਿਹਾ ਨਾ ਕੋਈ ਬੁਲਾਵਾ ਤੇਰਾ ਕਰ ਦਿੱਤਾ ਤੈਨੂੰ ਹੈਰਾਨ।
ਕਿਸੇ ਨਖ਼ਸਮੀ ਮਹਿੰ ਦੇ ਵਾਂਙੂ ਮਰਿਆ ਨਹੀਂ ਪਰ ਹੈ ਬੇਜਾਨ। ਸਾਵਧਾਨ ਹੋ ਸਿੱਖ...
ਤੈਨੂੰ ਝਾਂਸੇ ਵਿਚ ਲਿਆ ਕੇ, ਤੇਰੇ ਵਿਚੋਂ ਟੋਡੀ ਚੁਣ ਕੇ,
ਮੱਛੀ ਵਾਂਙੂ ਜਾਲ ਚਿ ਪਾਇਆ, ਆਸੇ-ਪਾਸੇ ਤਾਣੀ ਬੁਣ ਕੇ।
ਅਹੁਦੇ ਨਾਮ-ਧ੍ਰੀਕ ਹੀ ਦੇ ਕੇ, ਡੱਕ ਕੇ ਅਪਣੀ ਈਨ ਮੰਨਾਉਂਦੇ।
ਸਿਰ ਚੁੱਕੇਂ ਤਾਂ ਗਿੱਚੀ ਭੰਨਣ, ਜਾਂ ਫਿਰ ਅਪਣਾ ਦੀਨ ਮਨਾਂਦੇ।
ਤੂੰ ਪੰਜਾਬੀ ਪਰ ਪੰਜਾਬ ਚਿ ਰੁਹਬ ਨਹੀਂ ਪੰਜਾਬੀ ਦਾ ਕੋਈ।
ਹਿੰਦੀ ਹਿੰਦੂ ਹਿੰਦੁਸਤਾਨੀ, ਨਾਮ ਨ ਲੈਣ ਪੰਜਾਬੀ ਦਾ ਕੋਈ।
ਹਾਕਮ ਦੇ ਮੁੱਖ-ਮੰਤਰ ਕੋਈ, ਜਦੋਂ ਸੁਣੋ ਕੁਝ ਹੋਰ ਕਹੇਗਾ।
ਬੀਤੀ ਕਲ ਕੁੱਝ ਸੀ ਕਹਿੰਦਾ, ਅੱਜ ਹੋਰ, ਕਲ੍ਹ ਹੋਰ ਕਹੇਗਾ।........
ਨਾਮ ਧ੍ਰੀਕ ਕੁਰਸੀਆਂ ਦੀ ਹੈ ਝੂਠੀ ਆਣ ਤੇ ਹੀਣੀ ਸ਼ਾਨ।
ਕੁੱਤੇ ਨੂੰ ਹੱਡੀ ਦਾ ਜਿੱਦਾਂ, ਲੋਭ ਕਰੇ ਮੂਰਖ ਇਨਸਾਨ। ਸਾਵਧਾਨ ਹੋ ਸਿੱਖ...
ਵਰਕੇ ਪੜ੍ਹ ਇਤਿਹਾਸ ਦੇ ਅਪਣੇ, ਗੋਬਿੰਦ ਸਿੰਘ ਗੁਰੂ ਦੇ ਸਿੱਖਾ।
ਖੰਡੇ ਦੇ ਅੰਮ੍ਰਿਤ ਤੋਂ ਸਜਿਆ, ਤੂੰ ਹੈ ਸਿੰਘ ਗੁਰੂ ਦੇ ਸਿੱਖਾ।
ਤੇਰੀ ਨੀਂਹ ਕੱਚੀ ਤਾਂ ਹੈ ਨਹੀਂ, ਪਰ ਕੱਚਾ ਪਿੱਲਾ ਕਿਉਂ ਏਂ ?
ਖਿੰਡਿਆ ਪੁੰਡਿਆ ਡੌਰ-ਭੌਰਿਆ, ਪੰਥਕ ਹਿੱਤ ਲਈ ਜਿੱਲ੍ਹਾ ਕਿਉਂ ਏਂ ?
ਇਕ ਭਿਆਨਕ ਮੋੜ ਤੇ ਅੱਜ ਤੂੰ ਖੜ੍ਹਿਆ ਗਿੱਟੀਆਂ ਗਿਣ ਰਿਹਾ ਏਂ।
ਕੌਮੀ ਹਿੱਤ ਭੁਲਾ ਕੇ ਨਿੱਜ ਸਵਾਰਥ ਦੇ ਗੱਜ ਮਿਣ ਰਿਹਾ ਏਂ।
ਜੇ ਤੇਰੀ ਅਣਗਹਿਲੀ ਕਾਰਨ, ਪੰਥਕ ਹਾਨੀ ਹੁੰਦੀ ਹੀ ਰਹੀ;
ਸਿੱਖ ਅਸਥਾਨ, ਸਿੱਖੀ ਤੇ, ਸਿੱਖਾਂ ਤੇ ਮਨ-ਮਾਨੀ ਹੁੰਦੀ ਹੀ ਰਹੀ;
ਉਸ ਬਰਬਾਦੀ ਦਾ ਕਾਲਾ ਟਿੱਕਾ ਲੱਗੇਗਾ ਤੇਰੇ ਮੱਥੇ।
ਮੂੰਹ ਕਾਲਾ ਉਸ ਦਾ ਹੋਵੇਗਾ, ਜੋ ਲੱਗੇਗਾ ਤੇਰੇ ਮੱਥੇ।
ਤਾਂ ਫਿਰ ਵੀਰਾ ਸਿੱਖ ਸਰਦਾਰਾ, ਹੋਸ਼ ਸੰਭਾਲ ਤੇ ਵਕਤ ਪਛਾਨ।
ਵੈਰ ਵਿਰੋਧ ਮਿਟਾ ਕੇ ਇਕ-ਮੁੱਠ ਹੋ ਜਾ ਤੇ ਰੱਖ ਸਿੱਧਾ ਧਿਆਨ।
ਸਾਵਧਾਨ ਹੋ ਸਿੱਖ ਸਰਦਾਰਾ ਖੱਤਰੇ ਵਿਚ ਹੈ ਤੇਰੀ ਜਾਨ।
ਮਿੱਟੀ ਦੇ ਵਿਚ ਰੁਲਦੀ ਜਾਂਦੀ ਰਹਿੰਦੀ ਖੂੰਹਦੀ ਤੇਰੀ ਸ਼ਾਨ।

---

[੩੧ ਸਫ਼ੇ ਦੀ ਬਾਕੀ]

ਕਹਿਣ ਲਗਾ, ਮੇਰੇ ਧੰਨ ਭਾਗ ਹਨ, ਮੈਂ ਏਥੇ ਪੁਜਾ, ਬਚਨ ਤੁਹਾਡੇ ਭਾਵੇਂ ਕੋਰੇ ਕਰਾਰੇ ਅਤੇ ਸਖ਼ਤ ਹਨ, ਪਰ ਬੜੇ ਪਿਆਰੇ ਲਗਦੇ ਹਨ। ਮੈਂ ਹਾਲੇਂ ਪਤਾ ਨਹੀਂ ਕਿਥੇ ਕਿਥੇ ਜਾ ਕੇ ਖੱਜਲ ਖੁਆਰ ਹੋਣਾ ਸੀ, ਮੈਂ ਹੁਣ ਅਗਾਹਾਂ ਹੋਰ ਕਿਤੇ ਨਹੀਂ ਜਾਵਾਂਗਾ, ਆਪ ਦੇ ਕਹੇ ਅਨੁਸਾਰ ਪੂਰਾਂ ਦੇ ਪੂਰ ਮਾਸੂਮ ਜਿੰਦੜੀਆਂ ਦੀ ਬਰਕਰਾਰੀ ਕਰਨ ਦਾ ਪੂਰਾ ਪੂਰਾ ਜਤਨ ਕਰਾਂਗਾ ਅਤੇ ਗਡੀਆਂ ਦੀਆਂ ਗਡੀਆਂ ਜਿਹੜੀਆਂ ਪੁਸਤਕਾਂ ਮੈਂ ਲੱਦੀ ਫਿਰਦਾ ਹਾਂ, ਉਹ ਸਭ ਵਾਪਸ ਦੇ ਆਵਾਂਗਾ, ਤਾਂਕਿ ਮੇਰਾ ਸਭਾ-ਜੀਤ ਹੋਣ ਦਾ ਕੂੜਾਵਾ ਮਾਣ ਉੱਕਾ ਹੀ ਮੁੱਕ ਠੁੱਕ ਜਾਵੇ। ਦੋ ਤਿੰਨ ਸਾਲ ਤਾਈਂ ਅਸੀਂ ਉਸ ਨੂੰ ਬਹੁਤ ਉਡੀਕਿਆ, ਪਰ ਉਹ ਬਹੁੜਿਆ ਨਹੀਂ। ਪਿਛੋਂ ਪਤਾ ਲਗਾ ਕਿ ਉਹ ਚੜ੍ਹਾਈਆਂ ਕਰ ਗਿਆ ਹੈ। ਹੁਣ ਤਾਂ ਤੇ ਅਗਲੇ ਜਨਮ ਵਿਚ ਹੀ ਉਸ ਦਾ ਨਿਸਤਾਰਾ ਹੋਵੇਗਾ।

["ਗੁਰਮਤਿ ਗੌਰਵਤਾ" ਪੁਸਤਕ ਵਿਚੋਂ


www.AKJ.Org

# ਰੰਗ ਸਾਹਿਬ ਸ੍ਰੀ ਦਾ

[ਡਾ: ਹਰਦਿਆਲ ਸਿੰਘ ਬੈਂਸ, ਖਾਲਸਾ ਸਕੂਲ, ਵੈਨਕੂਵਰ, ਕੈਨੇਡਾ]

ਹੇ ਅਕਾਲ ਪੁਰਖ ! ਸਰਬ ਸ਼ਕਤੀਮਾਨ ! ਸਦ ਬਖ਼ਸ਼ਿੰਦ ! ਸਰਬ ਸਮਰੱਥ !
ਤੇਰੇ ਭਾਣੇ ਬਖਸ਼ ਦਰ ਖੁਲ੍ਹੇ, ਪੀਰੀ ਮੀਰੀ ਨਾਨਕ ਦੇਇ ਹੱਥ।
ਭਗਤੀ ਰਾਖੀ ਕਰਨ ਹਿਤ ਮੀਰੀ ਹਰਿਗੋਬਿੰਦ ਪਾਈ, ਹੋਈ ਜਦ ਅੱਤ।
ਅੱਤ ਤੋਂ ਅੱਤ, ਦਿਆਲਾ ਮਤੀ ਦਾਸ, ਉਬਲੇ ਚਿਰ ਗਏ ਜ਼ੁਲਮੀ ਦੀ ਮੱਤ।
ਸਿਰਰ ਨਾ ਦੀਆ ਹਿੰਦ ਦੀ ਚਾਦਰ, ਧਰਮ ਲਈ ਸਿਸ ਦੀਆ ਲੱਥ।
ਮਾਤ ਪਿਤਾ ਸੁਤ ਪੰਜ ਪਿਆਰੇ, ਵਾਰੇ ਸਭ, ਨਾ ਛੋਡਿਆ ਪੱਥ।
ਤੇਰੀ ਬਖਸ਼ਿਸ਼, ਤੇਰੀ ਸ਼ਕਤੀ, ਹੇ ਸਾਹਿਬ ਸ੍ਰੀ ਰਾਖਾ ਜਗੱਤ।
ਤੇਰੀ ਨਿਸ਼ਾਨੀ ਬਖਸ਼ ਖਾਲਸੇ, ਗੋਬਿੰਦ ਪੂਰੀ ਦ੍ਰਿੜ੍ਹਾਈ ਗੁਰਮਤਿ।
ਹੇ ਗੋਬਿੰਦ ! ਤੇਰੀ ਇਹ ਬਖਸ਼ਿਸ਼, ਕੀ ਇਹ ਜ਼ੁਲਮ ਹਿਤ ਵਾਰ ਕਰੇਗੀ ?
ਨਿਮਾਣੇ ਨਿਤਾਣਿਆਂ ਦੀ ਰਖਵਾਲੀ, ਕੀ ਮਾਸੂਮ ਤੇ ਵਾਰ ਕਰੇਗੀ ?
ਕਦਾਚਿੱਤ ਨਹੀਂ ਇਹ ਵਾਰ ਕਰੇਗੀ, ਜ਼ੁਲਮੀ ਦਾ ਵੀ ਉਧਾਰ ਕਰੇਗੀ।
ਰਾਖੀ ਦਾ ਇਕਰਾਰ ਕਰੇਗੀ, 'ਗਰੀਬੀ ਗਦਾ' ਪਿਆਰ ਕਰੇਗੀ।
ਤੇਰੇ ਭਰੋਸੇ ਤੇਰੀ ਸ਼ਕਤੀ, ਖਾਲਸੇ ਹੁਕਮ ਹੈ ਵਰਤਣ ਦੀ।
ਨਾਮ ਖੰਡੇ ਤੋਂ ਉਪਜੀ ਸ਼ਕਤੀ, ਨਾਮ ਅਧੀਨ ਹੀ ਵਰਤਣ ਦੀ।
ਹਉ ਖਾਲਸੇ ਦਾ ਖਾਲਸਾ ਮੇਰੋ, ਓਤ ਪੋਤ ਸਾਗਰ ਬੂੰਦੇਰੋ।
ਫਤਿਹ ਖਾਲਸਾ ਫਤਿਹ ਹੈ ਤੇਰੋ, ਹਉ ਕਿਛ ਨਾਹੀ ਸਭ ਕਿਛ ਤੇਰੋ।
'ਸਰਬ ਧਰਮ ਮਹਿ ਸ੍ਰੇਸਟ ਧਰਮੁ, ਹਰਿ ਕੋ ਨਾਮੁ ਜਪਿ ਨਿਰਮਲ ਕਰਮ'।
ਖਾਲਸਾ ਧਰਮ ਸਭ ਸ੍ਰਿਸ਼ਟ ਕੋ ਧਰਮ, ਸਭ ਕਲਿ ਉਧਰੀ ਇਕ 'ਨਾਮ ਧਰਮ'।
ਮੁਕਤੀ ਕਾਲ ਤੋਂ ਰਹਿਤ ਹੋਣਾ ਜੇ, ਜੀਊਂਦੇ ਜੀਅ ਲਓ ਅੰਮ੍ਰਿਤ ਛੱਕ।
ਜੁਟ ਜਾਓ ਨਾਮ ਚਿ, ਕੀਰਤਨ, ਸੇਵਾ, ਧੂੜ ਸੰਗਤਿ ਵਿਚ ਹੋ ਮਿਚ ਰੱਚ।
ਫਿਰ ਇਹ ਸ੍ਰੀ ਸਾਹਿਬ ਰਖੇ ਅੰਗ ਸੰਗ, ਹਾਰ ਜਿਤ ਦੀ ਸੋਝਿ ਪਊ।
ਤੂੰ ਗੋਬਿੰਦ ਦਾ, ਫਤਿਹ ਵਾਹਿਗੁਰੂ, ਤੈਨੂੰ ਕੀ ? ਜੋ ਹੋਊ ਸੋ ਹੋਊ।
ਤੇਰਾ ਰਾਖਾ ਸ੍ਰੀ ਸਾਹਿਬ ਹੈ, ਪਤ ਲਾਜ ਦਾ ਸ੍ਰੀ ਸਾਹਿਬ ਰਖੱਯਾ।
'ਸਾਹਿਬ ਸ੍ਰੀ ਸਭ ਕੋ ਸਿਰਨਾਇਕ, ਜਾਚਕ ਅਨੇਕ ਸੁ ਏਕ ਦਿਵੱਯਾ'।
ਉਹ ਦਾਤਾ ਦਾਤਾਰ ਹੈ ਸਦਾ, ਪਿਆਰ ਤੇ ਮਿਹਰਾਂ ਕਰਦਾ ਹੈ ਉਹ।
ਦਿੰਦਾ ਦਿੰਦਾ ਥੱਕੇ ਕਦੀ ਨਾ, ਜ਼ੁਲਮ ਨਹੀਂ, ਬਖਸ਼ਿਸ਼ ਕਰਦਾ ਹੈ ਉਹ।
ਸ੍ਰੀ ਸਾਹਿਬ ਹੈ ਬਖਸ਼ਿਸ਼-ਦਾਤੀ, ਪ੍ਰਭ ਨੂੰ ਸਦਾ ਜਣਾਉਂਦੀ ਹੈ।
ਸਦ ਕੁਰਬਾਨੇ ਉਸ ਜਿੰਦੜੀ ਤੋਂ, ਜੋ ਉਸਦੇ ਗੁਣ ਸਦ ਗਾਉਂਦੀ ਹੈ।
ਤੂੰ ਮੇਰਾ ਸਾਹਿਬ, ਤੂੰ ਮੇਰਾ ਮਾਲਿਕ, ਹਿਰਦੈ ਵਸਿ ਜਾ ਆ ਕੇ ਤੇ।
ਹੇ ਸ੍ਰੀ ਸਾਹਿਬ ! ਹੇ ਗੁਣ ਸਾਗਰ ! ਗਾਵਾਂ ਗੁਣ ਤੇਰੇ ਗਾ ਗਾ ਕੇ।
ਪਿਤਾ ਇਹ ਸੇਵਾ ਬਖਸ਼ੀ ਰਖ, ਮੈਂ ਹੋਰ ਨ ਕੋਈ ਮੰਗ ਮੰਗਾਂ।
ਗੁਣ ਗਾਉਂਦਾ ਗੁਣੀ ਸਮਾ ਜਾਵਾਂ, ਮੈਨੂੰ ਸਚੜਾ ਐਸਾ ਰੰਗ ਲਗਾ।
ਦੇਹ ਸਰੂਪੀ ਠੀਕਰਾ, ਲੋੜ ਪੈਣ ਤੇ, ਭੰਨ ਸਮਾ ਜਾਵਾਂ।
ਵਾਹਿਗੁਰੂ ਜੀ ਕਾ ਖਾਲਸਾ, ਤੇ ਵਾਹਿਗੁਰੂ ਫਤਿਹ ਗਜਾ ਜਾਵਾਂ।

www.AKJ.Org

# ਪੰਡਤ ਮਾਨ ਸਿੰਘ ਜੀ ਸ਼ਾਸਤ੍ਰੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਇਕ ਵਾਰ ਦਾ ਜ਼ਿਕਰ ਹੈ ਕਿ ਨਾਰੰਗਵਾਲ ਬੁੰਗੇ ਵਿਚ ਪ੍ਰਕਾਸ਼ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਵੇਲੇ ਬੈਠਾ ਹੋਇਆ ਇਹ ਦਾਸਰਾ ਨਾਮ ਅਭਿਆਸ ਕਰ ਰਿਹਾ ਸੀ ਕਿ ਦਿਨ ਚੜ੍ਹਦੇ ਹੀ ੨੫-੩੦ ਸਿੰਘਾਂ ਦਾ ਇਕ ਦਰਸ਼ਨ-ਦੀਦਾਰੀ ਜਥਾ ਆਇ ਨਮੂਦਾਰ ਹੋਇਆ। ਆਉਂਦੇ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਮੱਥਾ ਟੇਕ ਕੇ ਸਜ ਗਏ। ਉਨ੍ਹਾਂ ਵਿਚ ਇਕ ਸਿੰਘ ਬੜੇ ਹੀ ਖਾਲਸਈ ਜੜ੍ਹੇ ਵਾਲਾ ਅਤੇ ਖੁਲ੍ਹੇ ਦਾੜ੍ਹੇ ਵਾਲਾ ਦੀਦਾਰੀ ਸਿੰਘ ਸੀ।

ਇਸ ਜਥੇ ਨੂੰ ਦੇਖਦੇ ਹੀ ਦਾਸ ਨੇ ਬੜੇ ਆਦਰ ਦੇ ਨਾਲ ਸਭ ਨੂੰ ਫਤਹ ਗਜਾ ਕੇ ਅਤੇ ਖਲੋ ਕੇ ਬੇਨਤੀ ਕੀਤੀ ਕਿ ਅੰਮ੍ਰਿਤ ਵੇਲੇ ਹੀ ਬੜੀ ਕਿਰਪਾ ਹੋਈ ਹੈ, ਆਪ ਸਿੰਘਾਂ ਨੇ ਦੀਦਾਰ ਦੇ ਕੇ ਨਿਹਾਲ ਕੀਤਾ ਹੈ। ਦਾਸ ਦਾ ਦੁਖ-ਦਲਿੱਦਰ ਸਭ ਕਾਫੂਰ ਹੋ ਗਿਆ ਹੈ। ਦਾਸ ਨੂੰ ਦਾਸ ਗੋਚਰੀ ਕੋਈ ਸੇਵਾ ਦਸੋ, ਜਿਸ ਦੇ ਕਰਨ ਵਿਚ ਮੈਂ ਤਤਪਰ ਹੋ ਜਾਵਾਂ।

ਇਨ੍ਹਾਂ ਵਿਚੋਂ ਜੜ੍ਹੇ ਵਾਲਾ, ਦੀਦਾਰੇ ਵਾਲਾ ਜਥੇਦਾਰ ਸਿੰਘ ਬੋਲਿਆ ਕਿ ਜਿਸ ਸੇਵਾ ਲਈ ਆਏ ਹਾਂ, ਬਸ, ਉਹ ਹੀ ਸੇਵਾ ਸੁਣ ਲਵੋ, ਹੋਰ ਸੇਵਾ ਦੀ ਕੋਈ ਲੋੜ ਨਹੀਂ।

ਦਾਸ ਨੇ ਸਨਿਮਰ ਬੇਨਤੀ ਕੀਤੀ ਕਿ ਉਹ ਸੇਵਾ ਭੀ ਪਿਛੋਂ ਕਹੀ ਸੁਣੀ ਜਾਇਗੀ, ਪਹਿਲਾਂ ਆਪ ਛਕਣ ਛਕਾਉਣ ਵਾਲੀ ਸੇਵਾ ਦਸੋ, ਕੀ ਕਰੀਏ, ਜਿਸ ਨੂੰ ਕਰ ਕੇ ਅਸੀਂ ਕ੍ਰਿਤਾਰਥ ਹੋ ਸਕੀਏ।

ਉਹਨਾਂ ਬਚਨ ਕੀਤਾ ਕਿ ਗੱਫੇ ਤਾਂ ਅਸੀਂ ਸਾਰੇ ਹੀ ਲਾ ਕੇ ਆਏ ਹਾਂ ਅਤੇ ਭਰਪੂਰ ਹੋ ਕੇ ਆਏ ਹਾਂ। ਵਿਚੋਂ ਹੀ ਗੱਲ ਟੁਕ ਕੇ ਦਾਸ ਨੇ ਪੁਛਿਆ ਕਿ ਏਤਨੇ ਸਵੇਰੇ ਹੀ ਗੱਫੇ ਆਪ ਕਿਥੋਂ ਲਾ ਆਏ? ਉਹਨਾਂ ਨੇ ਉਸ ਵਕਤ ਇਹ ਉਤਰ ਦਿਤਾ ਕਿ ਅਸੀਂ ਕੁਟੀਆਂ* ਤੋਂ ਸਭ ਕੁਛ ਛਕ ਕੇ ਆਏ ਹਾਂ। ਰਾਤ ਅਸੀਂ ਸਭ ਕੁਟੀਆਂ ਵਿਚ ਹੀ ਰਹੇ ਸਾਂ। ਇਹ ਬਚਨ ਸੁਣ ਕੇ ਮੈਂ ਬੈਠ ਗਿਆ ਅਤੇ ਦਾਸ ਨੇ ਦੂਜਾ ਸਵਾਲ ਇਹ ਕੀਤਾ ਕਿ ਆਪ ਪਿਛਲੀ ਰਾਤੀ ਨਾਰੰਗਵਾਲ ਦੀਆਂ ਕੁਟੀਆਂ ਵਿਖੇ ਰਹੇ ਹੋ ਤੇ ਏਦੂੰ ਪਿਛਲੀ ਰਾਤ ਆਪ ਪਿੰਡ ਰਾਇਪੁਰ ਦੇਵੀਪੁਰੀ ਸਾਧ ਦੇ ਡੇਰੇ ਰਹੇ ਹੋਵੋਗੇ? ਸੁਣ ਕੇ ਉਹਨਾਂ ਨੇ ਕਿਹਾ, ਹਾਂ, ਬਿਲਕੁਲ ਠੀਕ ਹੈ, ਅਸੀਂ ਸਾਰੇ ਪਿਛਲੀ ਰਾਤ ਦੇਵੀਪੁਰੀ ਸਾਧੂ ਦੇ ਡੇਰੇ ਹੀ ਰਹੇ ਸਾਂ ਅਤੇ ਉਥੇ ਹੀ ਇਸ਼ਨਾਨ ਕੀਤਾ ਸੀ ਅਤੇ ਖਾਣ ਪੀਣ ਕੀਤਾ ਸੀ।

ਉਹਨਾਂ ਦੀ ਇਹ ਗੱਲ ਸੁਣ ਕੇ ਦਾਸ ਆਪਣੇ ਦਿਲੋਂ ਖਾਲਸਈ ਸਪਿਰਟ ਤੇ ਗੁੱਸੇ ਵਿਚ ਜ਼ਰਾ ਸਖਤੀ ਨਾਲ ਬੋਲਿਆ ਕਿ ਤੁਸੀਂ ਦੇਖਣ ਪਾਖਣ ਨੂੰ ਗੁਰੂ ਦਸਮੇਸ਼ ਜੀ ਦੇ ਘਰ ਦੇ ਸਜੀਲੇ ਅਤੇ ਤਿਆਰ-ਬਰ-ਤਿਆਰ ਸਿੰਘ ਪ੍ਰਤੀਤ ਹੁੰਦੇ ਹੋ, ਪਰ ਇਹ ਗੱਲ ਬੜੀ ਹੀ ਅਯੋਗ ਹੈ ਕਿ "ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥" ਤੁਸੀਂ ਏਡੇ ਸਤਿਗੁਰੂ ਨਾਨਕ ਦਸਮੇਸ਼ ਦੇ ਸੇਵਕ ਹੋ ਕੇ ਏਹਨਾਂ ਆਨਮਤੀ ਭੇਖੀਆਂ ਦੇ ਡੇਰੇ ਕੀ ਖੇਹ ਛਾਨਣ ਗਏ? ਇਹ ਗੱਲ ਸੁਣ ਕੇ ਉਹ ਜਥੇਦਾਰ ਸਿੰਘ ਨਿਡਰ ਹੋ ਕੇ ਬੋਲਿਆ ਕਿ ਸਿੰਘ ਸਾਹਿਬ ਜੀ, ਭਾਵੇਂ ਮਾਰੋ ਭਾਵੇਂ ਛਡੋ, ਅਸੀਂ ਗਏ ਸਾਂ ਇਹਨਾਂ ਥਾਵਾਂ ਤੇ, ਨਹੀਂ ਬਲਕਿ ਅਨੇਕਾਂ ਅਜਿਹੇ ਥਾਂਵਾਂ ਤੇ ਘੁੰਮਦੇ ਆਏ ਹਾਂ! ਆਪ ਪੁਛੋਗੇ, ਕਿਉਂ? ਸੋ ਉਸ ਦਾ ਉਤਰ ਸੁਣ ਲਓ :—

ਆਪ ਦੇ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ ਹਜ਼ੂਰ ਸੱਚੋ ਸੱਚ ਹੀ ਦਸਦਾ ਹਾਂ—ਦਾਸ ਦਾ ਨਾਮ (ਸ਼ਾਇਦ ਆਪ ਨੇ ਸੁਣਿਆ ਹੋਵੇ) ਮਾਨ ਸਿੰਘ ਹੈ। ਦਾਸ ਨਿਰਮਲਾ ਹੈ। ਮੇਰੇ ਭੇਖ ਤੇ ਨਾ ਭਿੱਜੋ। ਮੈਂ ਬੜਾ ਸਭਾ-ਜਿੱਤ ਕਹਾਉਂਦਾ ਹਾਂ। ਕਨਖਲ ਆਦਿ ਹਿੰਦੂ-ਤੀਰਥਾਂ ਉਤੇ ਹੀ ਘੁੰਮਦਾ ਰਹਿੰਦਾ ਹਾਂ। ਮੇਰੇ ਸਾਹਮਣੇ ਬਹਿਸ

---

* ਸਾਡੇ ਪਿੰਡ ਨਾਰੰਗਵਾਲ ਤੋਂ ਬਾਹਰ ਕੁਝ ਬੁੱਤ ਬਣੇ ਹੋਏ ਹਨ। ਉਸ ਦੇ ਉਦਾਲੇ ਛਪਾਲੇ ਰਹਿਣ ਵਾਲੇ ਬੁੱਤ-ਪ੍ਰਸਤਾਂ ਦੀਆਂ ਜੋ ਝੁੱਗੀਆਂ ਹਨ ਉਹ ਕੁਟੀਆਂ ਦੇ ਨਾਮ ਤੋਂ ਮਸ਼ਹੂਰ ਹਨ।



www.AKJ.Org

ਵਿਚ ਕੋਈ ਨਹੀਂ ਅੜਿਆ। ਬੜੇ ਬੜੇ ਮੱਤਾਂ ਦੇ ਉਘੇ ਪੰਡਤਾਂ ਨੇ ਮੇਰੇ ਨਾਲ ਬਹਿਸ ਕੀਤੀ ਅਤੇ ਸਭ ਨੂੰ ਮੈਂ ਹਾਰ ਦਿਤੀ। ਸਨਾਤਨ ਧਰਮੀਆਂ, ਆਰੀਆਂ ਸਮਾਜੀਆਂ, ਗੱਲ ਕੀ, ਸਭ ਮੱਤ-ਮਤਾਂਤਰਾਂ ਦੇ ਵਡੇ ਵਡੇ ਬਹਿਸ ਕਰਨ ਵਾਲਿਆਂ ਨੂੰ, ਮੈਂ ਬਹਿਸ ਵਿਚ ਹਰਾ ਲਿਆ। ਮੇਰੇ ਸਿੱਕੇ ਨੂੰ ਹਰ ਕੋਈ ਮੰਨਦਾ ਹੈ। ਮੈਂ ਸ੍ਰੀ ਗੁਰੂ ਗ੍ਰੰਥ ਜੀ ਦਾ ਭੀ ਸ਼ੁਧ ਅਖੰਡਪਾਠੀ ਹਾਂ, ਮੇਰੇ ਸਾਰਖਾ ਕੋਈ ਅਖੰਡਪਾਠ ਨਹੀਂ ਕਰ ਸਕਦਾ, ਨਾ ਹੀ ਬਾਣੀ ਪੜ੍ਹ ਸਕਦਾ ਹੈ। ਗੁਰਬਾਣੀ ਦੀ ਕਥਾ ਕਰਨ ਵਿਚ ਮੈਂ ਪ੍ਰਬੀਨ ਹਾਂ। ਇਹ ਸਾਰੇ ਹੀ ਮੇਰੇ ਨਾਲ ਚੌਵੀ-ਪੱਚੀ ਵਿਦਿਆਰਥੀ ਬੈਠੇ ਹਨ। ਅਜਿਹੇ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਸੈਂਕੜੇਂ ਵਿਦਿਆਰਥੀਆਂ ਨੂੰ ਕਥਾ ਸਿਖਾ ਸਿਖਾ ਕੇ ਮੈਂ ਆਇਆ ਹਾਂ। ਆਪ ਸੱਚ ਕਰ ਕੇ ਜਾਣੋ ਕਿ ਮੈਨੂੰ ਹਰ ਪ੍ਰਕਾਰ ਦੀ ਗੁਰਮਤਿ ਤੇ ਹੋਰ ਵਿਦਿਆ ਉਤੇ ਬੜਾ ਮਾਣ ਹੈ। ਪਰ ਇੰਨੇ ਮਾਣ ਦੇ ਹੁੰਦਿਆਂ ਤੇ ਏਤਨੀਆਂ ਪੜ੍ਹਾਈਆਂ ਦਾ ਪੜ੍ਹਾਕੂ ਹੁੰਦਿਆਂ ਭੀ ਮੈਂ ਅੰਦਰੋਂ ਸਖਣਾ ਹਾਂ, ਮੈਂ ਸੱਚੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਹੋਇਆ। ਸਮੱਗਰ ਗੁਰਬਾਣੀ ਜਿਸ ਨਾਮ ਨੂੰ ਦ੍ਰਿੜ੍ਹਾਉਂਦੀ ਹੈ ਉਹ ਗੁਰਮਤਿ ਨਾਮ ਮੈਨੂੰ ਉੱਕਾ ਹੀ ਪ੍ਰਾਪਤ ਨਹੀਂ ਹੋਇਆ। ਹੁਣ ਮੈਂ ਆਪਣੇ ਅੰਦਰਲੇ ਦੀ ਹਾਲਤ ਨੂੰ ਵਿਚਾਰ ਕੇ ਤੇ ਲੂਹਰੀਆਂ ਲੈ ਕੇ, ਇਸ ਅੰਦਰਲੀ ਗੁਪਤ ਸ਼ਾਂਤ ਨੂੰ ਪ੍ਰਾਪਤ ਕਰਨ ਲਈ, ਜੋ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ, ਆਪਣੇ ਮਕਾਮ ਧਾਮ ਤੋਂ ਚੜ੍ਹਿਆ ਹਾਂ ਕਿ ਜਿਥੇ ਭੀ ਇਹ ਸ਼ਾਂਤੀ ਮਿਲੇ ਤੇ ਗੁਰਮਤਿ ਨਾਮ ਪ੍ਰਾਪਤ ਹੋਵੇ ਉਥੋਂ ਹੀ ਇਹ ਪ੍ਰਾਪਤੀ ਕਰ ਕੇ ਛਡਣੀ ਹੈ, ਭਾਵੇਂ ਕਿਤੋਂ ਹੋਵੇ। ਇਸ ਨਮਿਤ ਮੈਂ ਕਿਸੇ ਭੀ ਸਾਧ ਸੰਤ ਨੂੰ ਨਹੀਂ ਛਡਿਆ, ਕਿਸੇ ਭੀ ਭੇਖਧਾਰੀ ਡੇਰੇ ਤੇ ਜਾਣ ਤੋਂ ਸੰਕੋਚ ਨਹੀਂ ਕੀਤੀ। ਨਿਰੰਕਾਰੀ, ਕਹੌਤੀ ਨਿਰੰਕਾਰੀ, ਰਾਧਾ ਸੁਆਮੀ ਆਦਿਕ ਜਿਥੇ ਭੀ ਕੋਈ ਉੱਘਾ ਸਾਧ ਸੰਤ ਸੁਣਿਆ ਉਥੇ ਹੀ ਮੈਂ ਪਹੁੰਚਿਆ।

ਵਿਚੋਂ ਹੀ ਉਸ ਦੀ ਗੱਲ ਟੁਟ ਕੇ ਮੈਂ ਆਖਿਆ, ਉਥੇ ਭੀ ਤੂੰ ਖੱਜਲ ਖੁਆਰ ਹੀ ਹੋਇਆ। ਪ੍ਰਾਪਤੀ ਕੀ ਹੋਈ? ਉਤਰ ਵਿਚ ਮਾਨ ਸਿੰਘ ਨੇ ਕਿਹਾ ਕਿ ਪ੍ਰਾਪਤੀ ਕੀ ਹੋਈ, ਕੁਝ ਭੀ ਨਹੀਂ ਹੋਈ, ਮੇਰੀ ਅੰਦਰਲੀ ਤਪਤ, ਅਸ਼ਾਂਤ ਤਪਤ ਦੂਰ ਨਹੀਂ ਹੋਈ। ਹਰ ਇਕ ਭੇਖੀ ਸਾਧੂ ਨੇ ਜਿਸ ਦੇ ਪਾਸ ਮੈਂ ਗਿਆ (ਆਪ ਦੇ ਬਚਨਾਂ ਮੁਤਾਬਕ) ਮੈਂ ਖੱਜਲ ਖੁਆਰ ਹੋਇਆ, ਆਪੋ ਆਪਣੇ ਮੱਤ, ਆਪਣਾ ਮੰਤਰ ਫੂਕਣੋਂ ਸੰਕੋਚ ਨਹੀਂ ਕੀਤਾ ਅਤੇ ਮੈਂ ਲੈਣੋਂ ਸੰਕੋਚ ਨਹੀਂ ਕੀਤਾ, ਪਰ ਮੇਰਾ ਬਣਿਆ ਕੁਛ ਨਹੀਂ।

ਇਸ ਪਰ ਦਾਸ ਨੇ ਆਖਿਆ ਕਿ ਜੇ ਤੇਰਾ ਕੁਛ ਨਹੀਂ ਬਣਿਆ ਤਾਂ ਇਨ੍ਹਾਂ ਮਸੂਮ ਜਿੰਦੜੀਆਂ ਨੂੰ, ਜਿਨ੍ਹਾਂ ਨੂੰ ਤੈਂ ਆਪਣੇ ਵਿਦਿਆਰਥੀ ਬਣਾਇਆ ਹੋਇਆ ਹੈ, ਇਨ੍ਹਾਂ ਨੂੰ ਕਥਾ-ਕਹਾਣੀ ਸਿਖਾ ਕੇ ਉੱਕੇ ਕੁਫੱਕੜ ਗਿਆਨੀ ਬਣਾਉਣ ਡ੍ਰਿਹਾ ਹੈਂ, ਇਨ੍ਹਾਂ ਨੂੰ ਤੂੰ ਕਿਉਂ ਖੱਜਲ ਖੁਆਰ ਕਰਦਾ ਹੈਂ? ਤੈਂ ਮਹਾਂ ਘੋਰ ਪਾਪ ਕੀਤਾ ਹੈ ਕਿ ਇਸ ਗੱਲ ਨੂੰ ਜਾਣਦਿਆਂ ਹੋਇਆਂ, ਕਿ ਤੂੰ ਆਪ ਖ਼ੁਦ ਅੰਦਰੋਂ ਸੱਖਣਾ ਹੈਂ, ਇਨ੍ਹਾਂ ਮਸੂਮ ਜਿੰਦੜੀਆਂ ਨੂੰ ਖ਼ਾਹ-ਮਖ਼ਾਹ ਖੱਜਲ ਖੁਆਰ ਕਰਨ ਦਾ ਤੈਨੂੰ ਕਿਉਂ ਚਸਕਾ ਪਿਆ ਹੋਇਆ ਹੈ? ਤੂੰ ਜਾਹ ਇਥੋਂ ਹੀ ਪਿਛਾਂਹ ਹੀ ਮੁੜ ਜਾ, ਹੋਰ ਖੱਜਲ ਖੁਆਰ ਨਾ ਹੋ। ਜਿਹੜੇ ਪੂਰਾਂ ਦੇ ਪੂਰ ਵਿਦਿਆਰਥੀਆਂ ਨੂੰ ਤੈਂ ਫੋਕੀਆਂ ਪੜ੍ਹਾਈਆਂ ਪੜ੍ਹਾ ਪੜ੍ਹਾ ਕੇ ਅਤੇ ਨਿਗੂਣੀਆਂ ਕਥਾਵਾਂ ਸਿਖਾ ਸਿਖਾ ਕੇ ਘਰਾਂ ਤੋਂ ਬੇਘਰ ਕੀਤਾ ਹੈ, ਉਨ੍ਹਾਂ ਨੂੰ ਪਹਿਲਾਂ ਆਪਣੇ ਆਪਣੇ ਘਰੀਂ ਜਾ ਬਿਠਾਇ ਆ, ਫੇਰ ਤੂੰ ਇਕੱਲਾ ਹੀ ਆਈਂ, ਤੇਰੀ ਹਾਲਤ ਤੇ ਰਹਿਮ ਕਰ ਕੇ ਇਸ ਗੱਲ ਦਾ ਇਕਰਾਰ ਤੇਰੇ ਨਾਲ ਕਰਦੇ ਹਾਂ ਕਿ ਨਾਮ ਅਭਿਆਸੀ ਜੋਤਿ ਵਿਗਾਸੀ ਪੰਜਾਂ ਪਿਆਰਿਆਂ ਦਾ ਪੁੰਜ ਤੇਰੇ ਲਈ ਤਿਆਰ ਰਖਾਂਗੇ, ਜਿਨ੍ਹਾਂ ਗੁਰੂ-ਸਰੂਪ ਪੰਜਾਂ ਪਿਆਰਿਆਂ ਕੋਲੋਂ ਗੁਰ-ਦੀਖਿਆ ਲੈਂਦੇ ਸਾਰ ਹੀ ਤੇਰੀ ਸ਼ਾਂਤ-ਕਲਿਆਣ ਹੋ ਜਾਵੇਗੀ। ਕਿਉਂਕਿ ਇਸ ਘੋਰ ਕਲਜੁਗੀ ਪਹਿਰੇ ਅੰਦਰ ਦਸਮੇਸ਼ ਪਿਤਾ ਜੀ ਨੇ ਜੋਤਿ-ਕਲਿਆਣੀ ਸੱਚੀ ਗੁਰ-ਦੀਖਿਆ ਦੇ ਵਿਖਾਉਣ ਦਾ ਗੁਰੂ ਸਰੂਪ ਮਰਤਬਾ ਪੰਜਾਂ ਪਿਆਰਿਆਂ ਨੂੰ ਦੇ ਦਿਤਾ ਹੈ, ਹੋਰ ਭਾਵੇਂ ਕੋਈ ਕਿਤਨਾ ਹੀ ਵਡੇ ਤੋਂ ਵਡਾ ਭੇਖਧਾਰੀ ਸੰਤ ਕਹਾਉਂਦਾ ਫਿਰੇ, ਉਹ ਇਕੱਲਾ ਗੁਰ-ਦੀਖਿਆ ਨਹੀਂ ਦੇ ਸਕਦਾ ਅਤੇ ਨਾ ਕਲਿਆਣਕਾਰੀ ਹੋ ਸਕਦੀ ਹੈ।

ਇਹ ਬਿਲਾਸ ਸੁਣ ਕੇ, ਸਤ ਬਚਨ ਆਖ ਕੇ ਉਹ ਪਿਛੇ ਮੁੜਨ ਲਈ ਤਤ ਛਿਨ ਹੀ ਤਿਆਰ ਹੋ ਗਿਆ ਤੇ

(ਬਾਕੀ ਦੇਖੋ ਸਫ਼ਾ ੨੮ ਹੇਠ)


www.AKJ.Org

# ਜੀਵਨ ਸ੍ਰੀ ਗੁਰੂ ਰਾਮਦਾਸ ਜੀ ਇਕ ਨਜ਼ਰੇ

ਜਨਮ–ਕੱਤਕ ਵਦੀ ੨, (ਪੂਰਨਮਾਸ਼ੀ ਤੋਂ ਦੂਜਾ ਦਿਨ), ੨੫ ਅਸੂ ਸੰਮਤ ੧੫੯੧ ਬਿਕ੍ਰਮੀ, ਮੁਤਾਬਕ ਈਸਵੀ ਸੰਨ ੧੫੩੪, ਸਤੰਬਰ ਦੀ ੨੪ ਤਰੀਕ।

ਜਨਮ-ਅਸਥਾਨ–ਚੂਨਾ ਮੰਡੀ ਬਜ਼ਾਰ, ਲਾਹੌਰ ਸ਼ਹਿਰ (ਪਾਕਿਸਤਾਨ)।

ਮਾਤ ਪਿਤਾ–ਸ੍ਰੀ ਹਰਿਦਾਸ ਸੋਢੀ ਦੇ ਘਰ ਮਾਤਾ ਦਇਆ ਕੌਰ ਦੀ ਕੁਖੋਂ ਜਨਮ ਲਿਆ। ਪਲੇਠੀ ਦਾ ਪੁੱਤਰ ਹੋਣ ਕਰਕੇ 'ਜੇਠਾ' ਨਾਂ ਪ੍ਰਸਿਧ ਹੋ ਗਿਆ।

ਬਾਲ ਉਮਰ–ਬਚਪਨ ਵਿਚ ਹੀ ਮਾਤਾ ਪਿਤਾ ਚਲਾਣਾ ਕਰ ਗਏ। ਨਾਨੀ ਪਾਸ ਬਾਸਰਕੇ ਨਾਨਕੇ ਪਿੰਡ ਚਲੇ ਗਏ। ਇਥੇ ਬਾਬਾ ਅਮਰ ਦਾਸ ਜੀ (ਸਤਿਗੁਰੂ) ਨਾਲ ਓਦੋਂ ਤੋਂ ਮਿਲਾਪ। ਇਥੇ ਅਜੀਵਿਕਾ ਲਈ ਘੁੰਗਣੀਆਂ ਵੇਚਦੇ।

ਗੋਇੰਦਵਾਲ–੧੫੪੯ ਈਸਵੀ ਵਿਚ ਵਸਣ ਸਮੇਂ ਬਾਬਾ ਅਮਰਦਾਸ ਜੀ (ਸਤਿਗੁਰੂ) ਦੇ ਹੁਕਮ ਨਾਲ ਇਥੇ ਆ ਵਸੇ।

ਵਿਆਹ–੨੨ ਫਗਣ ੧੬੧੦ ਬਿਕਰਮੀ (੧੫੫੩ ਈਸਵੀ) ਨੂੰ ਸ੍ਰੀ ਗੁਰੂ ਅਮਰ ਦਾਸ ਜੀ ਦੀ ਸਪੁਤਰੀ ਬੀਬੀ ਭਾਨੀ ਨਾਲ ਗੋਇੰਦਵਾਲ ਵਿਖੇ।

ਅਕਬਰ ਦੇ ਦਰਬਾਰ ਵਿਚ–੧੫੫੭ ਵਿਚ ਅਕਬਰ ਲਾਹੌਰ ਆਇਆ ਤਾਂ ਉਸ ਦੇ ਦਰਬਾਰ ਵਿਚ ਜਾਤਿ-ਅਭਿਮਾਨੀਆਂ ਵਲੋਂ ਸ਼ਿਕਾਇਤਾਂ ਹੋਣ ਤੇ ਗੁਰੂ ਅਮਰਦਾਸ ਜੀ ਨੂੰ ਪੱਖ ਪੇਸ਼ ਕਰਨ ਲਈ ਸੱਦਾ। ਸਤਿਗੁਰੂ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ। ਉਨ੍ਹਾਂ ਨੇ ਗੁਰੂ ਘਰ ਦਾ ਆਦਰਸ਼ ਐਸੇ ਪਿਆਰੇ ਤੇ ਸੁੰਦਰ ਢੰਗ ਨਾਲ ਦਰਸਾਇਆ ਕਿ ਸਭ ਦੀ ਨਿਸ਼ਾ ਹੋ ਗਈ ਅਤੇ ਸ਼ਿਕਾਇਤੀਆਂ ਨੂੰ ਠਿਠ ਹੋ ਕੇ ਮੁੜਨਾ ਪਿਆ।

ਬਾਉਲੀ ਸਾਹਿਬ ਦੀ ਸੇਵਾ–੧੫੫੯ ਈਸਵੀ ਵਿਚ ਅਰੰਭ ਹੋਈ ਸੇਵਾ ਵਿਚ ਆਪਣਾ ਤਨ ਮਨ ਲਾ ਦਿਤਾ ਅਤੇ ਦਿਨ ਰਾਤ ਟੋਕਰੀ ਢੋਂਦੇ ਅਤੇ ਸਭ ਤਰ੍ਹਾਂ ਦੀ ਸੇਵਾ ਨਿਭਾਂਦੇ ਰਹੇ।

ਸੰਤਾਨ–ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਂਦੇਵ ਜੀ ਅਤੇ (ਗੁਰੂ) ਅਰਜਨ ਦੇਵ ਜੀ, ਜਿਨ੍ਹਾਂ ਦਾ ਜਨਮ ੧੯ ਵੈਸਾਖ ੧੬੨੦ ਬਿਕਰਮੀ ਨੂੰ ਹੋਇਆ।

ਗੁਰਿਆਈ–ਭਾਦਰੋਂ ਸੁਦੀ ੧੫ (੧ ਅਸੂ) ੧੬੩੧ ਬਿਕਰਮੀ (੧ ਸਤੰਬਰ ੧੫੭੪) ਨੂੰ ਗੋਇੰਦਵਾਲ ਵਿਖੇ।

ਅਸਥਾਨ ਰਚੇ–ਗੁਰੂ ਅਮਰਦਾਸ ਜੀ ਦੀ ਆਗਿਆ ਅਨੁਸਾਰ ੧੫੭੦ ਈਸਵੀ ਨੂੰ ਗੁਰੂ ਕਾ ਚੱਕ (ਅੰਮ੍ਰਿਤਸਰ) ਵਸਾਣਾ ਅਰੰਭ ਕੀਤਾ।

ਅੰਮ੍ਰਿਤ-ਸਰੋਵਰ ਦੀ ਤਿਆਰੀ ੧੬੩੪ ਬਿਕਰਮੀ ਨੂੰ ਅਰੰਭੀ।

ਜੋਤੀ ਜੋਤਿ–ਭਾਦਰੋਂ ੧੬੩੮ ਬਿ: ਨੂੰ (ਗੁਰੂ) ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਕੇ ੨ ਅਸੂ ੧੬੩੮ ਬਿਕਰਮੀ (੧ ਸਤੰਬਰ ੧੫੮੧) ਨੂੰ ਗੋਇੰਦਵਾਲ ਵਿਖੇ।

ਗੁਰੂ ਰਾਮ ਦਾਸ ਜੀ ਦੀ ਬਾਣੀ–ਗੁਰੂ ਚਕ ਵਸਾਣ, ਸਰੋਵਰ ਦੀ ਖੁਦਵਾਈ; ਗੁਰਸਿਖੀ ਦੇ ਪਰਚਾਰ ਲਈ ਉਦਮ ਤੇ ਹੋਰ ਅਨੇਕਾਂ ਕਾਰਜਾਂ ਦੇ ਕਰਦਿਆਂ ਹੋਇਆਂ ਬਾਣੀ ਦੇ ਅਖੁਟ ਭੰਡਾਰ ਸਿਖ ਸੰਗਤਾਂ ਨੂੰ ਬਖ਼ਸ਼ੇ। ਆਪ ਜੀ ਦੀ ਬਾਣੀ ਵਿਚ ਜਿਥੇ ਬਿਰਹੋਂ-ਬੈਰਾਗ ਅਤੇ ਗੁਰੂ-ਚਰਨਾਂ ਦਾ ਅਥਾਹ ਪ੍ਰੇਮ ਠਾਠਾਂ ਮਾਰਦਾ ਹੈ ਉਥੇ ਆਪ ਨੇ ਗੁਰੂ ਘਰ ਦੇ ਦੋਖੀਆਂ ਤੇ ਨਿੰਦਕਾਂ ਦੀ ਵੀ ਖ਼ੂਬ ਖੁੰਬ ਠਪੀ ਹੈ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਵਿਚੋਂ ੩੦ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਹੈ।



www.AKJ.Org

# ਨਿਜ-ਬੀਤੀਆਂ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ

ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰ-ਗਦੀ ਪ੍ਰਾਪਤ ਕਰਨ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਬੇਅੰਤ ਸੇਵਾ ੨੨-੨੩ ਸਾਲ ਨਿਭਾਈ। ਬਾਉਲੀ ਸਾਹਿਬ ਦੀ ਖੁਦਵਾਈ ਸਮੇਂ ਗਾਰ ਦੀ ਟੋਕਰੀ ਦਿਨ ਰਾਤ ਢੋਂਦੇ ਰਹੇ। ਆਪ ਦੀ ਅਤੁਟ ਸੇਵਾ ਸਦਕਾ ਜਿਥੇ ਆਪ ਦੇ ਅੰਦਰ ਗੁਰਮਤਿ ਗਰੀਬੀ, ਨਿਮਰਤਾ, ਹਲੀਮੀ ਆਦਿ ਦੈਵੀ ਗੁਣਾਂ ਦਾ ਨਿਵਾਸ ਸੀ ਉਥੇ ਗੁਰਮਤਿ-ਗਿਆਨ ਸਦਕਾ ਦੈਵੀ ਜੋਤਿ ਦੇ ਪ੍ਰਕਾਸ਼ ਸਦਕਾ ਸਭ ਤਰ੍ਹਾਂ ਦੀ ਸੋਝੀ ਹੋ ਆਈ।

ਗੋਇੰਦਾ (ਗੋਂਦਾ) ਨਾਮੀ ਮਰਵਾਹਾ ਖਤ੍ਰੀ, ਜਿਸ ਨੇ ਗੁਰੂ ਅਮਰਦਾਸ ਜੀ ਦੀ ਸਹਾਇਤਾ ਨਾਲ ਗੋਇੰਦਵਾਲ ਨਗਰ ਵਸਾਇਆ ਸੀ, ਉਸ ਦੇ ਪੁਤਰ ਨੂੰ ਗੁਰੂ ਘਰ ਦੇ ਦੋਖੀਆਂ ਨੇ ਚੁਕਿਆ ਚੁਕਾਇਆ ਕਿ ਰਾਜ-ਦਰਬਾਰ ਵਿਚ ਅਰਜ਼ੀ ਦੇਹ ਕਿ ਤੇਰੇ ਪਿਤਾ ਦੀ ਜ਼ਮੀਨ ਤੇ ਗੁਰੂ ਅਮਰ ਦਾਸ ੀ ਨੇ ਕਬਜ਼ਾ ਜਮਾ ਲਿਆ ਹੈ, ਉਨ੍ਹਾਂ ਤੋਂ ਕਬਜ਼ਾ ਮੈਨੂੰ ਦਿਵਾਇਆ ਜਾਵੇ। ਲਾਹੌਰ ਦਰਬਾਰ ਦੇ ਨਵਾਬ ਨੇ ਗੁਰੂ ਦਰਬਾਰ ਦੀ ਚੜ੍ਹਤ ਅਖੀਂ ਜਾ ਕੇ ਵੇਖੀ ਤਾਂ ਸੰਗਤ ਵਿਚ ਬੰਦਗੀ ਦਾ ਪਰਵਾਹ ਅਤੇ ਲੰਗਰ ਵਿਚ ਗਰੀਬ ਅਮੀਰ ਅਤੇ ਊਚ ਨੀਚ ਨਾਲ ਇਕ ਬਰਾਬਰ ਵਰਤਾਉ ਵੇਖ ਕੇ ਕੀਲਿਆ ਗਿਆ। ਉਸ ਵੇਖਿਆ ਕਿ ਗੁਰੂ ਮਹਾਰਾਜ ਦਾ ਤਾਂ ਕਿਸੇ ਨਾਲ ਵੈਰ ਵਿਰੋਧ ਹੀ ਨਹੀਂ, ਸਗੋਂ ਸਭ ਦੀ ਰੱਖਿਆ ਤੇ ਸਹਾਇਤਾ ਕਰਦੇ ਹਨ। ਉਸ ਨੇ ਉਸ ਦੀ ਅਰਜ਼ੀ ਖ਼ਾਰਜ ਕਰ ਦਿਤੀ।

ਇਥੋਂ ਸਫਲਤਾ ਨਾ ਹੋਣ ਤੇ ਮਰਵਾਹਾ ਖਤਰੀ ਅਕਬਰ ਦੇ ਦਰਬਾਰ ਵਿਚ ਸ਼ਿਕਾਇਤ ਲੈ ਕੇ ਗਿਆ। ਸ਼ਾਹੀ ਦਰਬਾਰ ਵਿਚ ਜੋ ਵੀ ਸ਼ਿਕਾਇਤ ਲੈ ਕੇ ਜ ਦਾ, ਉਸ ਨੂੰ ਦਰਬਾਰ ਦੇ ਬਾਹਰ ਪਿਆ ਨੀਲੇ ਰੰਗ ਦਾ ਇਕ ਖ਼ਾਸ ਕਿਸਮ ਦਾ ਚੋਲਾ ਪਾ ਕੇ ਅੰਦਰ ਜਾਣਾ ਪੈਂਦਾ ਸੀ। ਇਹ ਚੋਲਾ ਨਿਤ ਵਰਤੋਂ ਵਿਚ ਆਉਣ ਕਰ ਕੇ ਮੈਲ ਨਾਲ ਕਾਲਾ ਜਿਹਾ ਅਤੇ ਜੂੰਆਂ ਨਾਲ ਭਰਿਆ ਹੋਇਆ ਸੀ। ਇਹ ਚੋਲਾ ਪਾ ਕੇ ਮਰਵਾਹਾ ਆਪਣੇ ਸਾਥੀ ਨੌਕਰ ਸਮੇਤ ਦਰਬਾਰ ਵਿਚ ਸ਼ਿਕਾਇਤੀ ਹੋਇਆ।

ਗੁਰੂ ਅਮਰ ਦਾਸ ਜੀ ਨੇ ਆਪਣੇ ਵਲੋਂ ਗੁਰੂ-ਘਰ ਦੀ ਪੈਰਵੀ ਕਰਨ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਦਰਬਾਰ ਵਿਚ ਭੇਜਿਆ। ਭਾਈ ਜੇਠਾ ਜੀ ਨੇ ਆਪਣੀ ਉੱਜਲ ਮਤਿ ਸਦਕਾ ਗੁਰ-ਘਰ ਦੇ ਆਦਰਸ਼ ਤੇ ਵਡਿਆਈ ਨੂੰ ਐਸੀ ਮਿਠਤ, ਹਲੀਮੀ ਅਤੇ ਸੁਚੱਜਤਾ ਨਾਲ ਪੇਸ਼ ਕੀਤਾ ਕਿ ਬਾਦਸ਼ਾਹ ਅਤੇ ਦਰਬਾਰੀਆਂ ਦੀ ਨਿਸ਼ਾ ਹੋ ਗਈ, ਜਿਸ ਕਰਕੇ ਇਨ੍ਹਾਂ ਦੋਹਾਂ ਸ਼ਿਕਾਇਤੀਆਂ ਨੂੰ ਜੁੱਤੀਆਂ ਮਾਰਦਿਆਂ ਧੱਕੇ ਦੇ ਕੇ ਦਰਬਾਰ ਵਿਚ ਕਢ ਦਿਤਾ ਗਿਆ। ਮਰਵਾਹੇ ਖਤਰੀ ਦੀ ਸਭ ਪਾਸੇ ਐਸੀ ਖ਼ੁਨਾਮੀ ਹੋਈ ਕਿ ਕਿਤੇ ਮੂੰਹ ਦੇਣ ਜੋਗਾ ਨਾ ਰਿਹਾ, ਸਿਖ ਸੰਗਤਾਂ ਅਤੇ ਕੁੜਮਾਂ-ਸ਼ਰੀਕਾਂ ਨੇ ਉਸ ਨੂੰ ਮੂੰਹ ਲਾਣਾ ਵੀ ਯੋਗ ਨਾ ਸਮਝਿਆ।

ਇਸੇ ਤਰ੍ਹਾਂ ਗੋਇੰਦਵਾਲ ਇਕ ਤਪਾ ਰਹਿੰਦਾ ਸੀ, ਉਹ ਵੀ ਆਪਣੀ ਮਾਨਤਾ ਘਟਦੀ ਵੇਖ ਕੇ ਗੁਰੂ-ਘਰ ਨਾਲ ਬੜੀ ਈਰਖਾ ਕਰਦਾ ਸੀ ਅਤੇ ਨਿਤ ਗੁਰੂ-ਦਰਬਾਰ ਦੇ ਬਰਖ਼ਿਲਾਫ਼ ਊਜਾਂ ਲਾ ਕੇ ਹੋਰਨਾਂ ਨੂੰ ਚੁਕਦਾ ਅਤੇ ਗੁਰੂ-ਘਰ ਨਾਲ ਵੈਰ ਕਮਾਉਣੋਂ ਟਲਦਾ ਨਹੀਂ ਸੀ।

ਗੁਰੂ ਰਾਮਦਾਸ ਜੀ ਗੁਰ-ਗਦੀ ਬੈਠਣ ਤੋਂ ਪਹਿਲਾਂ ਮਰਵਾਹੇ ਖੱਤ੍ਰੀ ਅਤੇ ਜੋਗੀ ਦੀਆਂ ਗੁਰੂ-ਘਰ ਲਈ ਕੀਤੀਆਂ ਕਾਲੀਆਂ ਕਰਤੂਤਾਂ ਅੱਖੀਂ ਵੇਖਦੇ ਤੇ ਪੜਚੋਲਦੇ ਰਹੇ ਸਨ। ਗੁਰ-ਗੱਦੀ ਪ੍ਰਾਪਤੀ ਹੋਣ ਤੇ ਗੁਰੂ ਪਾਤਸ਼ਾਹ ਨੇ ਗਉੜੀ ਰਾਗ ਵਿਚ ਇਨ੍ਹਾਂ ਗੁਰੂ-ਘਰ ਦੇ ਦੋਖੀਆਂ ਅਤੇ ਗੁਰੂ ਘਰ ਤੋਂ ਬੇਮੁਖ ਹੋਏ ਨਿੰਦਕਾਂ ਦੁਸ਼ਟਾਂ ਦੀ ਚੰਗੀ ਤਰ੍ਹਾਂ ਕਲੀ ਖੋਲ੍ਹੀ ਹੈ।

ਮਰਵਾਹੇ ਖਤ੍ਰੀ ਦੀ ਜੋ ਦੁਰਦਸ਼ਾ ਅਕਬਰ ਦੇ ਦਰਬਾਰ ਵਿਚ ਹੋਈ ਸੀ, ਉਸ ਦਾ ਜ਼ਿਕਰ ੧੨ਵੀਂ ਪਉੜੀ ਦੇ ਪਹਿਲੇ ਸਲੋਕ ਵਿਚ ਆਪ ਜੀ ਇਉਂ ਕਰਦੇ ਹਨ—


www.AKJ.Org

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਲੀ ਮਲੁ ਲਾਇ ਮਨਮੁਖੁ ਆਇਆ ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਬੇਮੁਖਾ ਦਾ ਕਰਾਇਆ ॥
ਤੜ ਸੁਣਿਆ ਸਭਤੁ ਜਗਤ ਵਿਚਿ ਭਾਈ
ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ ॥
ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ
ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ ॥
ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਆਹਿਆ ॥ (ਪੰਨਾ ੩੦੬)

ਇਸੇ ਤਰ੍ਹਾਂ ਮਾਇਆ ਦੇ ਮੁਠੇ ਤਪੇ ਜੋਗੀ ਦੀਆਂ ਕਾਲੀਆਂ ਕਰਤੂਤਾਂ ਨੂੰ ਇਉਂ ਨਸ਼ਰ ਕਰਦੇ ਹਨ—

ਤਪਾ ਨਾ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ, ਬਹਿ ਸਾਧ ਜਨਾ ਵੀਚਾਰਿਆ ॥
ਸਤ ਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਇ ॥ ਅੰਦਰਿ ਬਹੈ ਤਪਾ ਪਾਪ ਕਮਾਇ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮਰਾਇ ਜਮ ਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫੇਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ, ਏਹੁ ਸਤਿਗੁਰਿ ਹੈ ਫਿਟਕਾਰਿਆ ॥੧॥੩੦॥
(ਪੰਨਾ ੩੧੫-੧੬)

ਮਨਮੁਖਾਂ, ਅਗਿਆਨੀਆਂ, ਗੁਰ-ਨਿੰਦਕਾਂ ਦੇ ਪਾਪ-ਕਰਮੀਆਂ ਨੂੰ ਗੁਰੂ ਰਾਮਦਾਸ ਜੀ ਨੇ ਇਸ ਵਾਰ ਨਾਲ ਦਿਤੇ ਸਲੋਕਾਂ ਵਿਚ, ਉਘਾੜ ਕੇ ਨਿਖੇਰਿਆ ਹੈ। ਜਿਹਾ ਕਿ—

ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ, ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥
ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ


www.AKJ.Org

ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥੨॥੮॥ (ਪੰਨਾ ੩੦੩)

ਫਿਰ ਕਾਮ-ਵਿਆਪੇ ਜੋ ਪੁਰਖ ਇਸਤ੍ਰੀਆਂ ਦੇ ਜਾਲ ਵਿਚ ਫਸ ਕੇ ਉਨ੍ਹਾਂ ਦੇ ਹੁਕਮ ਮੰਨਦੇ ਹਨ, ਉਨ੍ਹਾਂ ਮਨਮੁਖਾਂ ਨੂੰ ਗੰਦੇ ਤੇ ਮੂਰਖ ਮੁਗਧ ਕਹਿ ਕੇ ਇਉਂ ਫਿਟਕਾਰਿਆ ਹੈ—

ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ ॥
ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥
ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥੨॥੯॥ (ਪੰਨਾ ੩੦੪)

ਸਤਿਗੁਰੂ ਦਾ ਸ਼ਰੀਕਾ ਕਰਨ ਅਤੇ ਵੈਰ ਵਿਰੋਧ ਕਰਨ ਵਾਲਿਆਂ ਪ੍ਰਥਾਇ ਫ਼ੁਰਮਾਂਦੇ ਹਨ—

ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ ॥
ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ ॥...
ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ ॥
ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ ॥੨॥੧੩॥

ਐਸੇ ਗੁਰ-ਨਿੰਦਕ ਦੇ ਮੂੰਹ ਵਿਚ ਅੰਬ-ਰੋਗ ਆ ਚੰਬੜਦਾ ਹੈ।

ਫਿਰ ਪਖੰਡੀ ਗੁਰੂਆਂ ਦੇ ਚਾਟੜਿਆਂ ਨੂੰ ਸੁਮੱਤ ਬਖਸ਼ਦੇ ਹਨ ਕਿ—

ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ ॥
ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਨਹੋਦੀ ਕਿਥਹੁ ਪਾਏ ॥
ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ ॥
ਨਾਨਕ ਸੇਵਾ ਕਰਹੁ ਹਰਿ ਸਫਲ ਦਰਸਨ ਕੀ ਫਿਰਿ ਲੇਖਾ ਮੰਗੈ ਨ ਕੋਈ ॥੨॥੧੨॥ (੩੦੬)

ਗੁਰੂ ਰਾਮਦਾਸ ਜੀ ਨਿੰਦਕਾਂ ਦੁਸ਼ਟਾਂ ਨੂੰ ਫਿਟਕਾਰ ਪਾਂਦੇ ਹੋਏ ਸਤਿਗੁਰੂ ਗੁਰੂ ਅਮਰਦਾਸ ਜੀ ਦੇ ਦਰਬਾਰ ਦੀ ਸੋਭਾ ਬਿਆਨ ਕਰਦੇ ਦਸ ਰਹੇ ਹਨ ਕਿ ਸਤਿਗੁਰੂ ਨਿਰਵੈਰ ਹੈ, ਨਿਰਭਉ ਹੈ ਅਤੇ ਉਸ ਨੂੰ ਕਿਸੇ ਦਾ ਡਰ ਨਹੀਂ। ਉਸ ਦਾ ਦਰਬਾਰ ਸਚੇ ਪ੍ਰਭੂ ਦਾ ਆਪਣਾ ਦਰਬਾਰ ਹੈ, ਜੋ ਆਪਣੀ ਸ਼ਕਤੀ ਨਾਲ ਗੁਰੂ-ਘਰ ਦੇ ਦੋਖੀਆਂ ਨੂੰ ਗੁਰੂ-ਦਰਬਾਰ ਵਿਚ ਆ ਕੇ ਨਿਵਾਂਦਾ ਹੈ ਅਤੇ ਆਪਣੇ ਭਗਤਾਂ ਦੀ ਆਪ ਰੱਖਿਆ ਕਰਦਾ ਹੈ। ਫ਼ੁਰਮਾਨ ਹੈ—

ਜਿਨ ਕਉ ਆਪਿ ਦੇਇ ਵਡਿਆਈ, ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ ॥
ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ, ਸਭੁ ਕਰਤਾ ਆਪਣੀ ਕਲਾ ਵਧਾਏ ॥
ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ, ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ ॥
ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ, ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ ॥
ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ, ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ॥੨॥੧੪॥

---

## ਇੰਗਲੈਂਡ ਅਤੇ ਜਰਮਨੀ ਵਿਚ ਸਿਖੀ ਪਰਚਾਰ

ਭਾਈ ਰਾਜਿੰਦਰ ਸਿੰਘ ਸਨਫਰਾਂਸਿਸਕੋ ਤੋਂ ਸੂਚਿਤ ਕਰਦੇ ਹਨ ਕਿ ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਯੂ.ਐਸ.ਏ. ਦੇ ਸਹਿਯੋਗ ਨਾਲ ਕਾਰਡਿਫ (ਇੰਗਲੈਂਡ) ਵਿਚ 20 ਤੋਂ 26 ਜੁਲਾਈ ਤਕ ਅਤੇ 4 ਤੋਂ 12 ਅਗਸਤ ਤਕ 'ਕਲੋਨ' ਅਤੇ 'ਹੈਮਬਰਗ' (ਜਰਮਨੀ) ਵਿਚ ਗੁਰਮਤਿ ਸਮਾਗਮ ਹੋਏ, ਜਿਨ੍ਹਾਂ ਵਿਚ ਅਖੰਡਪਾਠ, ਅਖੰਡ ਕੀਰਤਨ, ਅੰਮ੍ਰਿਤ ਸੰਚਾਰ ਆਦਿ ਦੇ ਪ੍ਰੋਗਰਾਮ ਹੁੰਦੇ ਰਹੇ। ਸਤਿਗੁਰੂ ਸੇਵਕਾਂ ਨੂੰ ਹੋਰ ਬਲ ਬਖਸ਼ੇ।


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧੯)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਨ ਸਵਰਨ ਸਿੰਘ ਜੀ]

**ਅਬਦੁੱਸਮਦ ਖ਼ਾਨ ਨੇ ਸਿੰਘਾਂ ਨਾਲ ਦਗਾ ਕੀਤਾ –**

ਗੜ੍ਹੀ ਦੇ ਅੰਦਰ ਬੀਮਾਰੀ ਤੇ ਭੁਖ-ਮਰੀ ਨਾਲ ਬਹੁਤ ਮੌਤਾਂ ਹੋ ਰਹੀਆਂ ਸਨ ਤੇ ਸਿੰਘਾਂ ਦੀ ਗਿਣਤੀ ਦਿਨੋ ਦਿਨ ਘਟਦੀ ਜਾ ਰਹੀ ਸੀ। ਹੁਣ ਬੰਦਾ ਸਿੰਘ ਨਾਲ ਲਗ ਪਗ ਸਾਢੇ ਤਿੰਨ ਸੌ ਆਦਮੀ ਰਹਿ ਗਏ ਸਨ, ਤੇ ਉਹ ਵੀ ਅਧਮੋਏ, ਅੱਜ ਕਲ੍ਹ ਦੇ ਪਰਾਹੁਣੇ, ਪਰ ਏਨੇ ਕੁ ਵੀ ਮੁਗਲ ਫ਼ੌਜ ਲਈ ਹਊਆ ਬਣੇ ਹੋਏ ਸਨ। ਕੀ ਮਜਾਲ ਜੋ ਕੋਈ ਕੰਧਾਂ ਦੇ ਪਾਸ ਵੀ ਢੁਕਾ ਹੋਵੇ।

ਅਬਦੁੱਸਮਦ ਖਾਨ ਨੇ ਇਥੇ ਵੀ ਉਹੋ ਫ਼ਰੇਬ ਤੇ ਬੇਈਮਾਨੀ ਦਾ ਖੇਲ ਖੇਡਿਆ, ਜੋ ਔਰੰਗਜ਼ੇਬ ਦਿਆਂ ਜਰਨੈਲਾਂ ਦਸ ਕੁ ਸਾਲ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਦੇ ਘੇਰੇ ਵੇਲੇ ਦਸਮੇਸ਼ ਜੀ ਨਾਲ ਖੇਡਿਆ ਸੀ। ਅਬਦੁੱਸਮਦ ਖ਼ਾਨ ਨੇ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਨੂੰ ਅਖਵਾਇਆ ਕਿ ਜੇ ਗੜ੍ਹੀ ਖ਼ਾਲੀ ਕਰ ਕੇ ਬਾਹਰ ਆ ਜਾਵੋ ਤਾਂ ਬਾਦਸ਼ਾਹ ਪਾਸੋਂ ਤੁਹਾਡੀ ਜਾਨ ਬਖਸ਼ੀ ਕਰਵਾ ਦਿਤੀ ਜਾਵੇਗੀ। ਸਭ ਨੇ ਇਹ ਸਲਾਹ ਮੰਨ ਲਈ, ਕਿਉਂਕਿ ਦਲੇਰ-ਇ-ਜੰਗ ਨੇ ਪੂਰਾ ਸਹੁੰ-ਨੇਮ ਦੇ ਕੇ ਆਪਣੀ ਨੇਕਨੀਤੀ ਤੇ ਈਮਾਨਦਾਰੀ ਦਾ ਭਰੋਸਾ ਦਿਤਾ ਸੀ। ਜਦ ਗੜ੍ਹੀ ਦਾ ਬੂਹਾ ਖੋਲ੍ਹ ਦਿਤਾ ਗਿਆ ਤਾਂ ਫ਼ੌਜ ਦਾ ਕੋਈ ਵੀ ਆਦਮੀ ਅੰਦਰ ਵੜਨ ਨੂੰ ਤਿਆਰ ਨਹੀਂ ਸੀ, ਕਿਉਂਕਿ ਸਿੰਘਾਂ ਦਾ ਇਹੋ ਜਿਹਾ ਭੈ ਮੁਗ਼ਲ ਫ਼ੌਜ ਦੇ ਦਿਲਾਂ ਤੇ ਬੈਠਾ ਹੋਇਆ ਸੀ ਕਿ ਇੰਜ ਗੜ੍ਹੀ ਦੇ ਅੰਦਰ ਵੜਨਾ ਤਾਂ ਕੀ, ਉਸ ਦੇ ਲਾਗੇ ਢੁਕਣ ਦਾ ਵੀ ਕਿਸੇ ਨੂੰ ਹੌਸਲਾ ਨਹੀਂ ਸੀ ਪੈਂਦਾ। ਅਜੀਬ ਗੱਲ ਹੈ ਕਿ ਜਿਸ ਗੜ੍ਹੀ ਨੂੰ ਦੂਰੋਂ ਸੁਰੰਗਾਂ ਲਾਈਆਂ ਜਾ ਰਹੀਆਂ ਸਨ ਤਾਂ ਜੁ ਕਿਵੇਂ ਨਾ ਕਿਵੇਂ ਮੁਗਲ ਫ਼ੌਜ ਦੇ ਚੰਦ ਜਾਂਬਾਜ਼ ਅੰਦਰ ਜਾਂ ਵੜਨ ਤੇ ਗੜ੍ਹੀ ਦਾ ਬੂਹਾ ਖੋਲ੍ਹ ਦੇਣ, ਜਿਸ ਨਾਲ ਫ਼ੌਜ ਇਕ ਵਾਰ ਭਰਪੂਰ ਹਲਾ ਕਰ ਕੇ ਅੰਦਰ ਜਾ ਵੜੇ ਤੇ ਅੰਦਰਲਿਆਂ ਨੂੰ ਹੱਥੋ ਹੱਥੀ ਕਾਬੂ ਕਰ ਲਵੇ, ਬੂਹਾ ਖੁਲ੍ਹ ਜਾਣ ਤੇ ਕੋਈ ਸੂਰਮਾ ਅੰਦਰ ਵੜਨ ਲਈ ਤਿਆਰ ਨਹੀਂ। ਫਿਰ ਆਵਾਜ਼ਾ ਦਿਤਾ ਗਿਆ ਕਿ ਸਾਰੇ ਸਿੰਘ ਸਮੇਤ ਬੰਦਾ ਸਿੰਘ ਦੇ ਗੜ੍ਹੀਓਂ ਬਾਹਰ ਆ ਜਾਣ, ਸਾਡੇ ਉਤੇ ਭਰੋਸਾ ਕਰਨਾ, ਖ਼ੁਦਾ ਗੁਆਹ ਹੈ। ਜਦ ਸਿੰਘ ਬਾਹਰ ਆਏ ਤਾਂ ਤੁਰਕਾਂ ਦਾ ਈਮਾਨ ਤੇ ਨੇਮ ਚਕਨਾ-ਚੂਰ ਹੋ ਗਿਆ। ਸਿੰਘਾਂ ਪਾਸ ਹਥਿਆਰ ਨਹੀਂ ਸਨ, ਕਿਉਂਕਿ ਇਹ ਆਪਣੇ ਹਥਿਆਰ ਤੁਰਕਾਂ ਅੱਗੇ ਸੁਟਣ ਦੀ ਥਾਂ ਬੰਦਾ ਸਿੰਘ ਅੱਗੇ ਸੁਟ ਆਏ ਸਨ। ਕਈਆਂ ਨੇ ਸੁਟਣ ਤੋਂ ਪਹਿਲਾਂ ਕਮਾਨਾਂ ਭੱਥੇ ਤੋੜ ਮਰੋੜ ਦਿਤੇ ਸਨ। ਨਿਹੱਥੇ ਸਿੰਘਾਂ ਉਤੇ ਮੁਗਲ ਦਸਤੇ ਬਘਿਆੜਾਂ ਵਾਂਗ ਟੁਟ ਪਏ। ਸਭ ਜ਼ੰਜੀਰਾਂ ਵਿਚ ਜਕੜ ਲਏ ਤੇ ਗਲੀਂ ਤੌਕ ਪਾ ਦਿਤੇ। ਬੰਦਾ ਸਿੰਘ ਇਕੱਲਾ ਹੀ ਅਜੇ ਅੰਦਰ ਸੀ, ਤੁਰਕ ਉਸ ਦੇ ਨਜ਼ਦੀਕ ਨਾ ਢੁਕਣ। ਸ: ਰਤਨ ਸਿੰਘ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ (ਨਵੀਂ ਛਾਪ) ਪੰਨਾ ੧੫੨-੫੩ ਤੇ ਉਸ ਹਾਲਤ ਦਾ ਵਰਣਨ ਕੀਤਾ ਹੈ :–

ਦੋਹਰਾ : ਸੋ ਭੀ ਬੰਦੇ ਤੇ ਸੰਗੈ, ਅੰਦਰ ਦੇਹਿ ਨ ਪੈਰ।
ਮਤ ਕਤ ਕਰੈ ਸੁ ਛਲ ਕੋਊ, ਹੁਇ ਜਾਇ ਬਿੱਲੀਉਂ ਸ਼ੇਰ ।੨੦।
ਚੌਪਈ–ਤੋ ਭੀ ਬੰਦੇ ਨਿਕਟ ਨ ਆਵੈਂ। ਜਨ ਉਨ ਭੂਖੋ ਬੰਦੋ ਹੀ ਖਾਵੈ।
ਬੰਦੇ ਤੇ ਯੋਂ ਡਰੈਂ ਤੁਰਕਾਨ। 'ਮਰਜੋ ਸ਼ੇਰ ਮਤ ਲੈ ਉਠੇ ਪ੍ਰਾਨ' ।੨੧।

ਬੰਦਾ ਸਿੰਘ ਵੀ ਬਾਹਰ ਆ ਗਿਆ। ਬੰਦੇ ਨੂੰ ਜ਼ੰਜੀਰ ਤੌਕ ਤਾਂ ਭਾਵੇਂ ਨਾ ਪਾਏ, ਪਰ ਪਹਿਰਾ ਬੜਾ ਸਖਤ ਕੀਤਾ ਗਿਆ। ਸੱਯਦ ਅਹਿਮਦ ਸ਼ਾਹ ਬਟਾਲੀਏ ਨੇ ਬੰਦਾ ਸਿੰਘ ਦੀ ਗ੍ਰਿਫਤਾਰੀ ਦਾ ਹਾਲ ਆਪਣੀ ਤਾਰੀਖ ਵਿਚ ਲਿਖਿਆ ਹੈ–

"ਲੋਕਾਂ ਕਿਹਾ, (ਬੰਦਾ ਸਿੰਘ) ਜਾਦੂ ਜਾਣਦਾ ਹੈ, ਇਸ ਲਈ ਉਡ ਜਾਏਗਾ। ਇਕ ਮੁਗਲ ਸਰਦਾਰ ਨੇ



www.AKJ.Org

ਉਠ ਕੇ ਆਖਿਆ ਕਿ ਮੈਨੂੰ ਤੇ ਇਸ ਨੂੰ ਇਕ ਜ਼ੰਜੀਰ ਨਾਲ ਨਰੜ ਦਿਓ ਅਤੇ ਹਾਥੀ ਉਤੇ ਚੜ੍ਹਾ ਕੇ ਦਿਲੀ ਵਲ ਘਲ ਦਿਓ। ਜੇਕਰ ਇਹ ਉਡੇਗਾ ਤਾਂ ਮੈਂ ਓਸੇ ਵੇਲੇ ਇਸ ਦੇ ਢਿੱਡ ਖੰਜਰ ਖੋਭ ਦਿਆਂਗਾ।"

ਵਹਿਮੀ ਮੁਗਲਾਂ ਨੂੰ ਇਹ ਨਹੀਂ ਸੀ ਸਮਝ ਪੈਂਦੀ ਕਿ ਜੇ ਉਸ ਨੇ ਉਡਣਾ ਹੁੰਦਾ ਤਾਂ ਕੀ ਉਨ੍ਹਾਂ ਦੇ ਹੱਥ ਕੈਦ ਹੋ ਕੇ ਹੀ ਉਡਣਾ ਸੀ। ਉਹ ਗੜ੍ਹੀ 'ਚੋਂ ਹੀ ਸਿੱਧਾ ਕਿਸੇ ਪਾਸੇ ਉੱਡ ਜਾਂਦਾ। ਬੰਦਾ ਸਿੰਘ ਆਪਣੀ ਤੀਖਣ ਬੁਧੀ ਤੇ ਬਲ ਚੁਸਤੀ ਨਾਲ ਉਨ੍ਹਾਂ ਦੇ ਪੱਕੇ ਪੀਡੇ ਘੇਰਿਆਂ ਵਿਚੋਂ ਨਿਕਲ ਕੇ ਅਲੋਪ ਹੋ ਜਾਂਦਾ ਸੀ, ਮੁਗਲਾਂ ਨੂੰ ਵ੍ਹਿਮ ਨੇ ਪੂਰੀ ਤਰ੍ਹਾਂ ਗ੍ਰਸ ਲਿਆ ਹੋਇਆ ਸੀ ਕਿ ਬੰਦਾ ਸਿੰਘ ਘੇਰੇ ਚੋਂ ਉੱਡ ਕੇ ਨਿਕਲ ਜਾਂਦਾ ਹੈ। ਕੀ ਉਡਣ ਦੀ ਸ਼ਕਤੀ ਰਖਣ ਵਾਲਾ ਆਪਣੇ ਨਾਲ ਜ਼ੰਜੀਰ ਰਾਹੀਂ ਨਰੜੇ ਹੋਏ ਦਾ ਗਲ ਘੁਟ ਕੇ ਮਾਰਨ ਤੋਂ ਅਸਮਰੱਥ ਹੋਵੇਗਾ ? ਉਨ੍ਹਾਂ ਦਾ ਵਹਿਮ ਸਿਖਰ ਤੇ ਪੁਜਾ ਹੋਇਆ ਸੀ।

ਉਹ ਗੜ੍ਹੀ, ਜੋ ਕੁਝ ਘੰਟੇ ਪਹਿਲਾਂ ਸ਼ਾਹੀ ਲਸ਼ਕਰ ਲਈ ਹਊਆ ਬਣ ਰਹੀ ਸੀ, ਹੁਣ ਉਨ੍ਹਾਂ ਨਾਲ ਠਸਾ ਠਸ ਭਰ ਗਈ। ਸਫਲਤਾ ਦੇ ਖ਼ੁਮਾਰ ਵਿਚ ਦਲੇਰ-ਇ-ਜੰਗ ਨੇ ਅਧਮੋਏ ਤੇ ਮਰਨ ਕਿਨਾਰੇ ਹੋਏ ਦੋ ਕੁ ਸੌ ਸਿੰਘਾਂ ਦੇ ਹੱਥ ਪੈਰ ਜੂੜ ਕੇ ਉਨ੍ਹਾਂ ਨੂੰ ਮੁਗਲ ਤੇ ਤਾਤਾਰੀ ਸਿਪਾਹੀ, ਜੋ ਨਵੇਂ ਆਏ ਸਨ, ਉਨ੍ਹਾਂ ਦੇ ਹਵਾਲੇ ਕਰ ਦਿਤਾ, ਤਾਕਿ ਉਨ੍ਹਾਂ ਨੂੰ ਹੱਥੀਂ ਕਤਲ ਕਰਨ ਤੇ ਇੰਜ ਉਨ੍ਹਾਂ ਦੇ ਦਿਲਾਂ ਚੋਂ ਸਿੰਘਾਂ ਦਾ ਭੈ ਨਿਕਲ ਜਾਵੇ। ਉਨ੍ਹਾਂ ਨੂੰ ਉਸੇ ਥਾਂ ਕਤਲ ਕਰ ਦਿੱਤਾ ਗਿਆ ਅਤੇ ਉਥੇ ਦਾ ਮੈਦਾਨ ਲਹੂ ਨਾਲ ਭਰ ਦਿਤਾ। ਬੰਦਾ ਸਿੰਘ ਦਾ ਸਭ ਖਜ਼ਾਨਾ ਲੁਟਿਆ ਗਿਆ। ਗੜ੍ਹੀ ਦੀ ਚੱਪਾ ਚੱਪਾ ਥਾਂ ਫਰੋਲੀ ਗਈ ਕਿ ਦਬਿਆ ਧਨ ਲਭਿਆ ਜਾਵੇ। ਐਥੋਂ ਤੀਕ ਕਿ ਮੁਰਦਿਆਂ ਦੇ ਢਿਡ ਵੀ ਚੀਰ ਪਾੜ ਕੇ ਵੇਖੇ ਗਏ, ਮਤੇ ਕਿਸੇ ਨੇ ਅਸ਼ਰਫੀਆਂ ਨਿਗਲ ਕੇ ਢਿਡ ਵਿਚ ਨਾ ਲੁਕਾ ਲਈਆਂ ਹੋਣ। ਇਸ ਮਤਲਬ ਲਈ ਕਈ ਜੀਊਂਦੇ ਵੀ ਮਾਰੇ ਗਏ, ਭਲਾ ਕੋਈ ਕੌਡੀ ਪੈਸਾ ਹੱਥ ਆ ਜਾਵੇ। ਇਸ ਤੋਂ ਬਾਅਦ ਕਤਲ ਕੀਤੇ ਗਏ ਸਿੰਘਾਂ ਦੇ ਸਿਰ ਵਢ ਕੇ ਘਾਹ-ਫੂਸ ਨਾਲ ਭਰ ਦਿਤੇ ਅਤੇ ਨੇਜ਼ਿਆਂ ਉਤੇ ਟੰਗ ਲਏ। ਗੁਰਦਾਸ ਨੰਗਲ ਦਾ ਪਿੰਡ ਤੇ ਭਾਈ ਦੁਨੀਚੰਦ ਦਾ ਇਹਾਤਾ (ਹਵੇਲੀ) ਢਾਹ ਕੇ ਢੇਰੀ ਕਰ ਦਿਤੇ ਗਏ। ਇਸ ਵੇਲੇ ਇਹ ਥਾਂ ਇਕ ਥੇਹ ਦੇ ਰੂਪ ਵਿਚ ਪਈ ਹੈ ਤੇ "ਬੰਦੇ ਵਾਲੀ ਥੇਹ" ਦੇ ਨਾਉਂ ਨਾਲ ਜਾਣੀ ਜਾਂਦੀ ਹੈ।

ਗੁਰਦਾਸ ਨੰਗਲ ਦੀ ਗੜ੍ਹੀ ਖ਼ਾਲੀ ਹੋਣ ਤੇ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੇ ਫੜੇ ਜਾਣ ਦੀ ਘਟਨਾ ੭ ਦਸੰਬਰ ਸੰਨ ੧੭੧੫ ਈ: (੨੧ ਜ਼ਿਲ-ਹਿੱਜਾ ੧੧੨੭ ਹਿਜਰੀ, ਸੰਨ ੪ ਫ਼ਰੁਖਸੀਅਰੀ) ਨੂੰ ਬੁਧਵਾਰ ਵਾਲੇ ਦਿਨ ਵਾਪਰੀ। ਖ਼ੁਰਾਕ ਦੀ ਘਾਟ ਨੇ ਸਿੰਘਾਂ ਨੂੰ ਲਾਚਾਰ ਕਰ ਦਿਤਾ, ਨਹੀਂ ਤਾਂ ਮੁਗ਼ਲ ਫ਼ੌਜਾਂ ਦੀ ਕੀ ਮਜਾਲ ਸੀ, ਜੋ ਪੋਲੇ ਪੈਰੀਂ ਗੜ੍ਹੀ ਤੇ ਹਾਵੀ ਹੋ ਜਾਂਦੀਆਂ।

ਬੰਦਾ ਸਿੰਘ ਦਾ ਛੋਟੀ ਜਿਹੀ ਗੜ੍ਹੀ ਵਿਚ, ਬਗੈਰ ਕਾਫ਼ੀ ਰਸਦ ਪੱਠਾ ਇਕੱਠਾ ਕੀਤੇ ਤੋਂ, ਲੰਮੇ ਸਮੇਂ ਲਈ ਮੁਕਾਬਲਾ ਕਰਨਾ, ਕਈਆਂ ਨੂੰ ਯੁਧ-ਨੀਤੀ ਦੇ ਅਨੁਕੂਲ ਨਹੀਂ ਲੱਗੇਗਾ। ਬੰਦਾ ਸਿੰਘ ਚਾਹੁੰਦਾ ਤਾਂ ਅਰੰਭ ਵਿਚ ਹੀ ਨਿਕਲ ਸਕਦਾ ਸੀ। ਸਾਰੇ ਹੀ ਗੜ੍ਹੀ ਚੋਂ ਨਿਕਲ ਕੇ ਜੰਗਲਾਂ ਪਹਾੜਾਂ ਵਿਚ ਖਿੰਡ ਪੁੰਡ ਜਾਂਦੇ ਤਾਂ ਫੌਜ ਉਨ੍ਹਾਂ ਦਾ ਕੁਝ ਵੀ ਨਹੀਂ ਸੀ ਵਿਗਾੜ ਸਕਦੀ। ਪਰ ਯਾਦ ਰਖਣਾ ਚਾਹੀਦਾ ਹੈ ਕਿ ਗੁਰਦਾਸ ਨੰਗਲ ਦੀ ਗੜ੍ਹੀ ਨੂੰ ਬੰਦਾ ਸਿੰਘ ਨੇ ਉਚੇਚਾ ਸੁਰੱਖਿਅਤ ਥਾਂ ਮਿਥ ਕੇ ਨਹੀਂ ਸੀ ਚੁਣਿਆ ਕਿ ਇਹ ਬੜਾ ਖੁਲ੍ਹਾ ਡੁਲ੍ਹਾ ਤੇ ਰਸਦ ਅਤੇ ਘਾਸ ਪੱਠੇ ਨਾਲ ਪਹਿਲਾਂ ਹੀ ਭਰਿਆ ਹੋਇਆ ਹੈ ਤੇ ਲੰਮੇ ਸਮੇਂ ਲਈ ਇਸ ਵਿਚ ਡੱਟ ਕੇ ਮੁਗਲ ਫ਼ੌਜਾਂ ਨੂੰ ਦਮੋਂ ਕਢਿਆ ਜਾ ਸਕੇਗਾ। ਕੋਟ ਮਿਰਜ਼ਾ ਜਾਨ ਉਤੇ ਮੁਗਲ ਸੈਨਾ ਨੇ ਬੜੀ ਤੇਜ਼ੀ ਨਾਲ ਹਮਲਾ ਕੀਤਾ। ਇਹ ਕੋਈ ਮੁਕੰਮਲ ਕਿਲ੍ਹਾ ਨਹੀਂ ਸੀ। ਇਸਦੀਆਂ ਤਾਂ ਅਜੇ ਨੀਂਹਾਂ ਵੀ ਨਹੀਂ ਸਨ ਭਰੀਆਂ ਗਈਆਂ। ਬੰਦਾ ਸਿੰਘ ਨੂੰ ਇਥੋਂ ਪਿਛਾਂਹ ਹਟਣਾ ਪਿਆ। ਦੁਨੀਚੰਦ ਦੇ ਇਸ ਇਹਾਤੇ ਨੂੰ ਤਾਂ ਸਿਰ ਪਈ ਤੋਂ ਫ਼ੌਰੀ ਬਚਾ ਲਈ ਵਰਤਿਆ, ਭਾਵ, ਫ਼ੌਜ ਦੇ ਵੇਗ ਨੂੰ ਠੱਲ੍ਹ ਪਾ ਕੇ ਅਤੇ ਅਖੀਂ ਧੂਲ ਝੋਕ ਕੇ ਬਚ ਨਿਕਲਣ ਦੀ


www.AKJ.Org

ਇਕ ਵਿਉਂਤ ਸੀ। ਉਸ ਨੇ ਥੋੜ੍ਹੀ ਬਹੁਤੀ ਖਾਧ-ਖੁਰਾਕ ਤੇ ਘਾਹ-ਪੱਠਾ ਜਿੰਨਾ ਕੁ ਛੇਤੀ ਛੇਤੀ ਹੋ ਸਕੇ, ਇਕੱਠਾ ਕਰਨ ਲਈ ਸਿੰਘਾਂ ਨੂੰ ਪਿੰਡਾਂ ਵਿਚ ਘਲਾਇਆ। ਫ਼ੌਜ ਏਨੀ ਤੇਜ਼ੀ ਨਾਲ ਮਗਰ ਚੜ੍ਹੀ ਆ ਰਹੀ ਸੀ ਕਿ ਸਪਲਾਈ ਇਕੱਤਰ ਕਰਨ ਦਾ ਕੰਮ ਵਿੱਚੇ ਰਹਿ ਗਿਆ। ਪਿੰਡਾਂ ਵਲ ਗਏ ਬਹੁਤ ਸਾਰੇ ਸਿੰਘ ਲੋਕਾਂ ਦੀ ਮੁਖਬਰੀ ਕਰਨ ਨਾਲ ਫ਼ੌਜ ਹੱਥ ਆ ਕੇ ਸ਼ਹੀਦ ਹੋ ਗਏ। ਜੋ ਬਚ ਕੇ ਨਿਕਲੇ, ਉਹ ਗੜ੍ਹੀ ਵਿਚ ਨਾ ਵੜਨ ਦਿਤੇ ਗਏ। ਇਸ ਕੰਮ ਲਈ ਗਏ ਹਜ਼ਾਰਾਂ ਸਿੰਘਾਂ ਨਾਲ ਬਾਹਰ ਕੀ ਵਾਪਰੀ, ਜਾਪਦੈ ਬੰਦਾ ਸਿੰਘ ਨੂੰ ਇਸ ਦੀ ਕੋਈ ਸੂਹ ਨਹੀਂ ਮਿਲੀ। ਜਾਪਦੈ ਉਹ ਘੇਰੇ ਨੂੰ ਇਸ ਕਰਕੇ ਲੰਮਾ ਕਰੀ ਗਿਆ ਹੋਵੇ ਕਿ ਬਾਹਰਲੇ ਸਿੰਘ ਤੱਤ ਖ਼ਾਲਸਾ, ਯੋਗ ਅਗਵਾਈ ਤਹਿਤ ਇਕੱਤਰ ਹੋ ਕੇ ਇਕ ਪਾਸਿਓਂ ਫ਼ੌਜ ਤੇ ਹੱਲਾ ਕਰ ਕੇ, ਜਿਵੇਂ ਉਸ ਨੇ ਸਢੌਰੇ ਦੀ ਗੜ੍ਹੀ ਵਿਚ ਘਿਰੇ ਸਿੰਘਾਂ ਨੂੰ ਕਢ ਲਿਆ ਸੀ, ਉਨ੍ਹਾਂ ਲਈ ਭਾਈ ਦੁਨੀ ਚੰਦ ਦੇ ਇਹਾਤੇ (ਹਵੇਲੀ) ਚੋਂ ਬਚ ਨਿਕਲਣਾ ਸੰਭਵ ਬਣਾ ਦੇਣ। ਬਾਹਰ ਕੌਣ ਕਿਨ੍ਹਾਂ ਨੂੰ ਜਥੇਬੰਦ ਕਰੇ ? ਬਾਬਾ ਬਿਨੋਦ ਸਿੰਘ ਤੋਂ ਇਹ ਆਸ ਕੀਤੀ ਜਾ ਸਕਦੀ ਸੀ ਤੇ ਐਨ ਮੁਮਕਿਨ ਸੀ ਕਿ ਉਹ ਕੁਝ ਕਰਦਾ, ਪਰ ਉਸ ਤੋਂ ਛੇਤੀ ਹੀ ਪਿਛੋਂ ਗੜ੍ਹੀ ਦਲੇਰ-ਇ-ਜੰਗ ਦੇ ਹੱਥ ਆ ਗਈ। ਲਗਦੈ ਸਮੇਂ ਦੀ ਘਾਟ ਕਾਰਨ ਅਤੇ ਜੋ ਥੋੜੇ ਬਹੁਤੇ ਸਿੰਘ ਬਾਹਰ ਸਨ ਤੇ ਉਹ ਵੀ ਖਿੰਡੇ ਪੁੰਡੇ ਹੋਣ ਕਰਕੇ ਕੋਈ ਠੋਸ ਕਦਮ ਨਹੀਂ ਪੁਟਿਆ ਜਾ ਸਕਿਆ। ਸੋ ਬਾਹਰੋਂ ਕੋਈ ਸਹਾਇਤਾ ਨਾ ਆ ਸਕੀ। ਘੇਰਾ ਲੰਮਾ ਹੁੰਦਾ ਗਿਆ ਤੇ ਖ਼ੁਰਾਕ ਦੀ ਥੁੜ ਆਪਣਾ ਖ਼ੂਨੀ ਫੰਦਾ ਕਸਦੀ ਗਈ। ਨਤੀਜਾ ਬੰਦਾ ਸਿੰਘ ਤੇ ਉਸ ਦੇ ਸਾਥੀਆਂ ਦੀ ਗ੍ਰਿਫ਼ਤਾਰੀ ਨਿਕਲਿਆ।

ਗੁਰਦਾਸ ਨੰਗਲ ਵਿਚ ਬੰਦਾ ਸਿੰਘ ਦਾ ਪਰਵਾਰ ਸਹਿਤ ਅਤੇ ਸਿੰਘਾਂ ਦੇ ਫੜੇ ਜਾਣ ਦੀ ਖ਼ਬਰ ਅਬਦੱਸਮਦ ਖਾਨ ਵਲੋਂ ਮੁਹੰਮਦ ਅਮੀਨ ਖਾਨ ਨੇ ੧੨ ਦਸੰਬਰ ਸੰਨ ੧੭੧੫ ਈ: (ਮੁਤਾਬਕ ੨੯ ਜ਼ਿਲ-ਹਿੱਜਾ ੧੧੨੭ ਹਿਜਰੀ) ਦਿਨ ਸੋਮਵਾਰ ਨੂੰ ਬਾਦਸ਼ਾਹ ਨੂੰ ਉਸ ਵੇਲੇ ਸੁਣਾਈ ਜਦ ਕਿ ਉਹ ਜਹਾਂਦਾਰ ਸ਼ਾਹ ਵਿਰੁਧ ਆਪਣੀ ਹੋਈ ਜਿਤ ਦਾ ਜਸ਼ਨ ਮਨਾ ਰਿਹਾ ਸੀ। ਬਾਦਸ਼ਾਹ ਨੂੰ ਇਹ ਸੁਣ ਕੇ ਜਹਾਂਦਾਰ ਸ਼ਾਹ ਉਤੇ ਹੋਈ ਫਤਹ ਨਾਲੋਂ ਵੀ ਕਈ ਗੁਣਾ ਵਧ ਖੁਸ਼ੀ ਹੋਈ। ਉਸ ਨੂੰ ਇੰਜ ਲੱਗਾ ਕਿ ਮੁਗ਼ਲ ਰਾਜ ਦਾ ਸਭ ਤੋਂ ਵੱਡਾ ਤੇ ਸਖ਼ਤ ਦੁਸ਼ਮਣ ਕਾਬੂ ਆ ਗਿਆ ਹੈ। ਦਿਲੀ ਵਿਚ ਖੁਸ਼ੀਆਂ ਦੇ ਸ਼ਾਦਿਆਨੇ ਵੱਜ ਉਠੇ। ਖੁਸ਼ਾਮਦੀ ਤੇ ਚਾਪਲੂਸ ਦਰਬਾਰੀਆਂ ਨੇ ਜੱਤ ਫੈਲਾ ਤੇ ਦੁੰਮ ਹਿਲਾ ਹਿਲਾ ਕਿਹਾ ਕਿ ਜ਼ਿੱਲੇ-ਇਲਾਹੀ, ਬਲੰਦ ਇਕਬਾਲ,ਜ਼ਫ਼ਰਯਾਬ ਦੁਨੀਆ ਦੇ ਸ਼ਹਿਨਸ਼ਾਹ ਆਲੀ ਤੱਬਾਰ ਫ਼ਰੁਖ਼-ਸੀਅਰ ਅੱਗੇ ਬੰਦੇ ਮਰਦੂਦ ਤੇ ਕਾਲੇ ਮੂੰਹਾਂ ਵਾਲੇ ਸਿੱਖਾਂ ਦੀ ਕੀ ਮਜਾਲ ਸੀ ਕਿ ਦੰਮ ਵੀ ਮਾਰ ਸਕਣ। ਗੁਰਦਾਸ ਨੰਗਲ ਦੀ ਗੜ੍ਹੀ ਦਾ ਸਰ ਹੋਣਾ ਤੇ ਬੰਦਾ ਸਿੰਘ ਦਾ ਫੜੇ ਜਾਣਾ ਜਿਥੇ ਮੁਗ਼ਲ ਜਰਨੈਲਾਂ ਦੀ ਭਾਰੀ ਜਿਤ ਹੈ, ਉਥੇ ਇਹ ਸਦਾ ਲਈ ਸਿੱਖਾਂ ਤੇ ਸਿੱਖੀ ਦੇ ਖ਼ਾਤਮੇ ਦੀ ਸੂਚਿਕ ਹੈ। ਅਲਹਮਦੁਲਿਲਾ, ਅਰਜ਼ਿ-ਹਿੰਦ (ਭਾਰਤ ਦੀ ਧਰਤੀ) ਖ਼ਤਰਨਾਕ ਕੁਫ਼ਰ ਤੋਂ ਕਿਆਮਤ ਤੱਕ ਪਾਕ ਹੋ ਗਈ। ਮੁਗ਼ਲ ਬਾਦਸ਼ਾਹਾਂ ਵਿਚੋਂ ਫ਼ਰੁਖ਼-ਸੀਅਰ ਸਭ ਤੋਂ ਸ਼ਕਤੀ-ਸ਼ਾਲੀ ਤੇ ਅਜ਼ੀਮ ਫ਼ਾਤਿਹ ਮੰਨਿਆ ਜਾਵੇਗਾ।[1]

**ਗੁਰਦਾਸ ਨੰਗਲ ਦੀ ਜਿੱਤ ਪ੍ਰਤੀ ਹਾਦੀ ਕਾਮਵਰ ਖ਼ਾਨ ਦੀ ਰਾਇ–**

ਗੁਰਦਾਸ ਨੰਗਲ ਦੀ ਜਿਤ ਸੰਬੰਧੀ ਖੁਸ਼ਾਮਦੀਆਂ ਤੇ ਮੌਕਾ-ਪ੍ਰਸਤਾਂ ਜੋ ਲਾ ਲਾ ਕੀਤੀ ਤੇ ਖੁਸ਼ੀਆਂ ਦੇ ਢੋਲ ਢਮੱਕੇ ਪਿਟੇ ਅਤੇ ਬਾਦਸ਼ਾਹ ਨੂੰ ਦੁਨੀਆ ਦਾ ਮਹਾਨ ਜੇਤੂ ਗਰਦਾਨਿਆ, ਹਾਦੀ ਕਾਮਵਰ ਖਾਨ ਇਸ ਨੂੰ ਅਸਲੀਅਤ ਤੋਂ ਬਹੁਤ ਪਰੇ ਮੰਨਦਾ ਹੋਇਆ ਆਪਣੀ ਕਿਤਾਬ ਵਿਚ ਲਿਖਦਾ ਹੈ–

> "... ਇਹ (ਬੰਦਾ ਸਿੰਘ ਦਾ ਫੜੇ ਜਾਣਾ ਤੇ ਗੜ੍ਹੀ ਤੇ ਕਬਜ਼ਾ ਮੁਗ਼ਲਾਂ ਦਾ ਹੋ ਜਾਣਾ) ਕਿਸੇ ਦੀ ਉਚਤਮ-ਬੁਧੀ ਜਾਂ ਸੂਰਬੀਰਤਾ ਦਾ ਸਿੱਟਾ ਨਹੀਂ ਸੀ, ਸਗੋਂ ਰੱਬ ਦੀ ਮਰਜ਼ੀ ਤੇ ਅਥਾਹ ਮਿਹਰਬਾਨੀ ਸੀ ਕਿ ਇਸ ਤਰ੍ਹਾਂ ਹੋ ਗਿਆ, ਨਹੀਂ ਤਾਂ ਹਰ ਕੋਈ ਜਾਣਦਾ ਹੈ ਕਿ ਸਵਰਗਵਾਸੀ ਬਾਦਸ਼ਾਹ ਬਹਾਦਰ ਸ਼ਾਹ ਨੇ ਆਪਣੇ ਚਾਰੇ ਸ਼ਹਿਜ਼ਾਦਿਆਂ ਅਤੇ ਵੱਡੇ ਵੱਡੇ ਸਿਪਾਹ-ਸਾਲਾਰਾਂ ਤੇ ਅਫਸਰਾਂ ਸਣੇ ਵੱਡੇ ਲਸ਼ਕਰ ਨਾਲ ਇਸ ਉੱਠੇ ਵਿਦ੍ਰੋਹ ਨੂੰ ਖ਼ਤਮ ਕਰਨ ਦੇ ਪੂਰੇ ਪੂਰੇ ਜਤਨ ਕੀਤੇ ਸਨ, ਪਰ ਇਹ ਸਭ ਨਿਸਫਲ


www.AKJ.Org

ਹੀ ਗਏ ਸਨ ਅਤੇ ਹੁਣ ਉਹ ਕਾਫ਼ਰ ਸਿਖ (ਬੰਦਾ ਸਿੰਘ) ਅਤੇ ਉਨ ਦੇ ਸਾਥੀ ਭੁਖ ਦੀ ਮਾਰ ਨੇ ਅਧੀਨ ਹੋਣ ਲਈ ਲਾਚਾਰ ਕਰ ਦਿਤੇ ਹਨ।"

ਹਾਦੀ ਕਾਮਵਰ ਖ਼ਾਨ ਨੇ ਸੱਚ ਨੂੰ ਨਿਖਾਰ ਕੇ ਪੇਸ਼ ਕਰ ਦਿਤਾ ਹੈ ਕਿ ਮੁਗਲ ਜਰਨੈਲਾਂ ਦੀ ਜਿੱਤ ਉਨ੍ਹਾਂ ਦੀ ਅਕਲਮੰਦੀ ਤੇ ਲੜਾਈ ਵਿਚ ਕਿਸੇ ਵਿਸ਼ੇਸ਼ ਸੂਰਮਗਤੀ ਦਾ ਸਿੱਟਾ ਨਹੀਂ, ਸਗੋਂ ਰੱਬ ਦੀ ਮਰਜ਼ੀ ਸੀ ਕਿ ਇੰਜ ਹੋ ਜਾਵੇ। ਸੋ ਉਨ੍ਹਾਂ ਨੂੰ ਭੁਖ ਦੀ ਮਾਰ ਨੇ ਅਧੀਨ ਹੋਣ ਲਈ ਮਜਬੂਰ ਕੀਤਾ ਹੈ, ਇਸ ਵਿਚ ਲਾ-ਤਾਦਾਦ ਸ਼ਾਹੀ ਲਸ਼ਕਰਾਂ ਦੀ ਕੋਈ ਵਡਿਆਈ ਨਹੀਂ।

**ਕੈਦੀਆਂ ਦੀ ਲਾਹੌਰ ਵਲ ਰਵਾਨਗੀ–**

ਫੜੇ ਹੋਏ ਅਧਮੋਏ ਤੇ ਜ਼ਖ਼ਮਾਂ ਨਾਲ ਚੂਰ ਹੋਏ ਹੋਏ ਸਿੰਘਾਂ ਦੇ ਬੇਰਹਿਮਾਨਾ ਕਤਲ, ਉਨ੍ਹਾਂ ਦੇ ਢਿਡ ਚੀਰਨ ਪਾੜਨ ਤੇ ਗੜ੍ਹੀ ਨੂੰ ਢਾਹ ਕੇ ਸਫ਼ਨ ਸਫ਼ਾ ਕਰਨ ਤੋਂ ਵੇਹਲੇ ਹੋ ਕੇ ਸਾਰਿਆਂ ਨੇ ਆਪਣਾ ਸਾਮਾਨ ਅਸਬਾਬ ਸਾਂਭਿਆ। ਕੈਦੀਆਂ ਨੂੰ ਚੰਗੀ ਤਰ੍ਹਾਂ ਸੰਗਲਾਂ ਬੇੜੀਆਂ ਨਾਲ ਜਕੜ ਕੇ ਅੱਗੇ ਲਾ, ਖੁਸ਼ੀਆਂ ਦੇ ਢੋਲ ਤੇ ਵਾਜੇ ਵਜਾਉਂਦਿਆਂ ਫ਼ੌਜ ਨੇ ਲਾਹੌਰ ਵਲ ਕੂਚ ਕੀਤਾ। ਇਹ ਸਮਾਚਾਰ ਪੋਹ ਸੰਮਤ ਬਿ: ੧੭੭੨ (ਦਸੰਬਰ ੧੭੧੫ ਈ:) ਦਾ ਹੈ।

ਗੁਰਦਾਸ ਨੰਗਲੋਂ ਬੰਦਾ ਸਿੰਘ ਤੇ ਦੂਸਰੇ ਕੈਦੀਆਂ ਨੂੰ ਦਿਲੀ ਵਲ ਤੋਰਨ ਦੀ ਥਾਂ ਪਹਿਲਾਂ ਲਾਹੌਰ ਵਲ ਇਸ ਲਈ ਲਿਜਾਇਆ ਗਿਆ ਕਿ ਅਬਦੁੱਸਮਦ ਖ਼ਾਨ ਏਡੀ ਵੱਡੀ ਜਿੱਤ ਨਾਲ ਆਪਣੇ ਜਾਹੋ ਜਲਾਲ ਵਿਚ ਵਾਧਾ ਕਰਨਾ ਚਾਹੁੰਦਾ ਸੀ। ਲਾਹੌਰੀ ਮੁਸਲਮਾਨਾਂ ਨੇ ਮੁਲਾਣਿਆਂ ਦੀ ਚੁਕਣਾ ਕਾਰਨ ਭੂਏ ਆ ਕੇ ਸ਼ੁਰੂ ਵਿਚ ਹੈਦਰੀ ਝੰਡੇ ਥਲੇ ਜਹਾਦ ਸ਼ੁਰੂ ਕੀਤਾ ਤੇ ਲਾਹੌਰੋਂ ਬਾਹਰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਉਹ ਦੋ ਵਾਰ ਗਏ ਸਨ, ਪਰ ਦੋਵੇਂ ਵਾਰ ਬੁਰੀ ਤਰ੍ਹਾਂ ਬੂਥੇ ਭੰਨਾ ਕੇ ਮੁੜੇ ਸਨ। ਉਦੋਂ ਹਜ਼ਾਰਾਂ ਘਰਾਣੇ ਮਾਤਮ ਵਿਚ ਡੁੱਬ ਗਏ ਸਨ। ਗਾਜ਼ੀਆਂ ਦੇ ਦਿਲਾਂ ਉਤੇ ਸਿੰਘਾਂ ਦਾ ਐਸਾ ਭੈ ਬੈਠਾ ਸੀ ਕਿ ਮੁੜ ਮੁਲਾਣਿਆਂ ਦੇ ਆਖੇ ਲੱਗ ਕੇ ਕਿਸੇ ਨੂੰ ਵੀ ਬੰਦਾ ਸਿੰਘ ਵੱਲ ਮੂੰਹ ਕਰਨ ਦਾ ਹੌਸਲਾ ਨਹੀਂ ਸੀ ਪਿਆ। ਲਾਹੌਰ ਦੀਆਂ ਕੰਧਾਂ ਤੋਂ ਬਾਹਰ ਬੁਰੀ ਤਰ੍ਹਾਂ ਖੌਫ ਛਾਇਆ ਹੋਇਆ ਸੀ। ਲੋਕਾਂ ਦੇ ਦਿਲਾਂ ਵਿਚੋਂ ਇਹ ਡਰ-ਖ਼ੌਫ ਤੇ ਸਹਿਮ ਕਢਣ ਲਈ ਅਤੇ ਆਪਣਾ ਰੋਅਬ-ਦਾਬ ਦੂਣਾ ਚੌਣਾ ਕਰਨ ਲਈ ਫੜੇ ਹੋਏ ਸਿੰਘਾਂ ਨੂੰ ਲਾਹੌਰ ਵਿਚ ਦੀ ਫੇਰਨਾ ਦਲੇਰ-ਏ-ਜੰਗ ਨੇ ਜ਼ਰੂਰੀ ਸਮਝਿਆ। ਲੋਕਾਂ ਨੂੰ ਫੜੇ ਹੋਏ ਤੇ ਬੇਬਸ ਸ਼ੇਰਾਂ ਦੇ ਪਰਤੱਖ ਦਰਸ਼ਨ ਕਰਾਉਣੇ ਇਸੇ ਕਾਰਨ ਜ਼ਰੂਰੀ ਸਨ ਕਿ ਇਸ ਤੋਂ ਪਿਛੋਂ ਉਹ ਆਰਾਮ ਦੀ ਨੀਂਦੇ ਸੌਂ ਸਕਣ। ਜਹਾਦਾਂ ਚੋਂ ਬਚ ਕੇ ਆਏ ਮੁਲਾਣਿਆਂ ਤੇ ਗਾਜ਼ੀਆਂ ਦੇ ਸੜਦੇ ਸੀਨੇ ਠਾਰਨ ਦਾ ਇਹ ਸੋਹਣਾ ਮੌਕਾ ਸੀ। ਇਸ ਤੋਂ ਬਿਨਾਂ ਕੈਦੀਆਂ ਨੂੰ ਲਾਹੌਰ ਲਿਆਉਣ ਦੀ ਕਈ ਹੋਰ ਵਜਹ ਨਹੀਂ ਦਿਸਦੀ। ਇਹ ਜਿੱਤ, ਜੋ ਸਿਰਫ਼ ਰੱਬ ਦੀ ਮਰਜ਼ੀ ਨਾਲ ਉਸਨੂੰ ਪ੍ਰਾਪਤ ਹੋਈ ਸੀ, ਇਸ ਨੂੰ ਉਹ ਬਹੁਤ ਹੀ ਵੱਡਾ ਕਰਕੇ ਦੁਨੀਆ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਸੀ। ਸੱਚ ਹੈ ਕਿ ਜਿੱਤਿਆਂ ਹੋਇਆ ਆਦਮੀ ਹਰ ਤਰ੍ਹਾਂ ਦੀ ਮਨ-ਮਰਜ਼ੀ ਕਰਨਾ ਆਪਣਾ ਹੱਕ ਸਮਝਦਾ ਹੈ। [ਚਲਦਾ

## ਹਵਾਲੇ ਤੇ ਫੁਟ ਨੋਟ

੧ ਸਯੱਦ ਗਲਾਮ ਹੁਸੈਨ ਕਰਤਾ ਸੈਰੁਲ ਮੁਤਾਖਰੀਨ, ਖਾਫੀ ਖਾਨ ਤੇ ਮਿਰਜ਼ਾ ਮੁਹੰਮਦ ਹਾਰਸੀ ਵਾਂਗ ਫਰੁਖਸੀਅਰ ਅਤੇ ਅਬਦੁੱਸਮਦ ਖਾਨ ਨੂੰ ਹਦੋਂ ਵਧ ਵਡਿਆਉਂਦਾ ਹੈ ਤੇ ਦੁਨੀਆ ਦਾ ਇਕ ਆਲ੍ਹਾ ਜਰਨੈਲ ਜਤਲਾਉਂਦਾ ਹੈ। ਇਹ ਜਰਨੈਲ ਬੰਦਾ ਸਿੰਘ ਨਾਲ ਸਿਧੀ ਟੱਕਰ ਲੈਣ ਤੋਂ ਡਰਦਾ ਅੱਠ ਮਹੀਨੇ ਬਾਹਰ ਮੁਹਾਸਰਾ ਕਰੀ ਬੈਠਾ ਰਿਹਾ। ਸਿੰਘਾਂ ਨੂੰ ਭੁਖਿਆਂ ਮਾਰ ਕੇ ਫੜਨਾ ਚਾਹੁੰਦਾ ਹੈ। ਕੋਈ ਖ਼ਤਰਾ ਮੁਲ ਨਹੀਂ ਲੈਣ ਨੂੰ ਤਿਆਰ। ਐਡੇ ਵੱਡੇ ਲਾਮ-ਲਸ਼ਕਰ ਨਾਲ ਯਲਗ਼ਾਰ ਕਰ ਕੇ ਗੜ੍ਹੀ ਵਿਚ ਵੜਨ ਦਾ ਯਤਨ ਨਹੀਂ ਕੀਤਾ। ਬੰਦਾ ਸਿੰਘ ਦੀਆਂ ਕਰਾਮਾਤਾਂ ਤੋਂ ਡਰਦਾ ਦੁਰਾਡਾ ਹੀ ਡੇਹਾ ਲਾਈ ਬੈਠਾ ਰਿਹਾ। ਬੰਦਾ ਸਿੰਘ ਨੂੰ ਧੋਖੇ ਨਾਲ ਤੇ ਆਪਣਾ ਈਮਾਨ ਗੁਆ ਕੇ ਫੜ ਲੈਣ ਸਦਕਾ ਇਸਦੀ ਜਰਨੈਲੀ ਦਾ ਕੌਡੀ ਵੀ ਮੁੱਲ ਨਹੀਂ ਰਹਿ ਜਾਂਦਾ। ❁


www.AKJ.Org

# ਹਸੰਦਿਆਂ ਖੇਲੰਦਿਆਂ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੬॥ (ਪੰਨਾ ੫੨੨)

ਭਾਵ ਇਹ ਹੈ ਕਿ ਗੁਰੂ ਘਰ ਦੀ ਇਹ ਵਡਿਆਈ ਹੈ ਕਿ ਸਤਿਗੁਰ ਨਾਨਕ ਦਾ ਸਿਖ ਬਣ ਕੇ ਜਤੀ ਬਣਨ ਲਈ ਘਰ ਬਾਰ ਛਡਣ ਦੀ ਲੋੜ ਨਹੀਂ, ਪਰੰਤੂ ਜਤੀ ਬਣਨ ਦੀ ਪੂਰਨ ਜੁਗਤੀ ਇਹ ਹੈ ਕਿ ਗ੍ਰਿਹਸਤ ਵਿਖੇ ਰਹਿ ਕੇ ਗੁਰਮਤਿ ਜਗਿਆਸੂ ਦੀ ਗ੍ਰਿਹਸਤ ਦੇ ਸਾਰੇ ਗੁਰਮੁਖ ਧਰਮਗ ਕਾਰਜ ਕਰਦਿਆਂ ਹੀ ਮੁਕਤੀ ਹੋ ਜਾਂਦੀ ਹੈ।

'ਹਸੰਦਿਆ ਖੇਲੰਦਿਆ' ਪਦਾਂ ਤੋਂ ਇਹ ਭਾਵ ਨਹੀਂ ਕਿ ਰਾਗ ਰੰਗਾਂ ਵਿਚ ਪੈ ਕੇ ਮੁਕਤੀ ਹੁੰਦੀ ਹੈ, ਸਗੋਂ ਗੁਰਮਤਿ ਅੰਦਰ ਹੋਛੇ ਰਾਗ ਰੰਗ, ਹਸਣ ਖੇਡਣ ਵਾਲੇ ਰੰਗ ਤਮਾਸ਼ੇ ਦੇਖਣੇ ਮਹਾਂ ਨਿਖੇਧਤ ਹਨ। 'ਹਸੰਦਿਆ ਖੇਲੰਦਿਆ' ਦਾ ਸਪੱਸ਼ਟ ਇਹ ਭਾਵ ਹੈ ਕਿ ਗੁਰਮਤਿ ਗ੍ਰਿਹਸਤ ਅੰਦਰ ਰਹਿ ਕੇ ਉਦਾਸੀਨ ਹੋਣ ਦੀ ਕੋਈ ਲੋੜ ਨਹੀਂ, ਗੁਰਮਤਿ ਨਾਮ ਜਪਦਿਆਂ ਸਦਾ ਖਿੜੇ ਮੱਥੇ ਰਹੇ ਅਤੇ ਹਸੂੰ ਹਸੂੰ ਕਰਦਾ ਹੀ ਗੁਰਮਤਿ ਕਾਜ ਮਾਈ ਸਚੀਆਂ ਸੁਚੀਆਂ ਖੇਡਾਂ ਖੇਡੇ।

ਏਸੇ ਪਰਕਾਰ ਹੀ 'ਖਾਵੰਦਿਆ ਪੈਨੰਦਿਆ' ਪਦਾਂ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਮਨ-ਬਾਂਛਤ ਭੱਖ ਅਭੱਖ ਖਾਣੇ ਖਾਂਦਾ ਫਿਰੇ ਅਤੇ ਹੋਛੇ ਭੜਕਵੇਂ ਪਹਿਰਾਵੇ ਪਹਿਨਦਾ ਫਿਰੇ, ਸਗੋਂ 'ਖਾਵੰਦਿਆ' ਪਦ ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਪ੍ਰਮਾਣੀਕ ਖਾਣ ਯੋਗ ਖਾਣੇ ਖਾਏ ਅਤੇ ਭੱਖ ਅਭੱਖ ਰਸਾਂ ਕਸਾਂ ਵਾਲੇ ਖਾਣੇ ਖਾਣ ਵਿਚ ਖਚਤ ਨਾ ਹੋਵੇ। 'ਪੈਨੰਦਿਆ' ਪਦ ਤੋਂ ਗੁਰਮੁਖੀ ਬਾਣੇ ਵਾਲੇ ਬਸਤਰ ਪਹਿਨਣ ਤੋਂ ਹੈ, ਇਹ ਨਹੀਂ ਕਿ ਅਨਮਤੀਆਂ ਦੀ ਰੀਸੇ ਅਨਮਤੀ ਬਾਣੇ ਪਹਿਨਣ ਵਿਚ ਖਜਲ ਖੁਆਰ ਹੁੰਦਾ ਫਿਰੇ, ਜੈਸਾ ਕਿ ਅੱਜ ਕਲ੍ਹ ਦੇ ਸਾਰੇ ਨੌਜਵਾਨ ਸਿਖ; ਖ਼ਾਸ ਕਰ ਨੌਕਰੀ-ਪੇਸ਼ਾ ਸਿਖ ਜੈਂਟਲਮੈਨ ਦਾੜ੍ਹੀਆਂ ਨੂੰ ਨਰੜਦੇ ਹਨ, ਪਤਲੂਨਾਂ ਪੈਂਟਾਂ ਪਾਉਂਦੇ ਹਨ। ਕਈ ਅਹਿਮਕ ਸਿਖ ਸ੍ਰੇਣੀ ਵਾਲੇ ਲੋਗ ਆਨਮਤੀਆਂ ਦੀ ਨਿਆਈਂ ਸਿਰੋਂ ਨੰਗੇ ਫਿਰਦੇ ਰਹਿੰਦੇ ਹਨ ਅਤੇ ਸਰੇ ਬਜ਼ਾਰ ਹੀ ਫਿਰਦੇ ਰਹਿੰਦੇ ਹਨ। ਟੱਟੀ ਭੀ ਨੰਗੇ ਸਿਰ ਹੀ ਜਾਣਗੇ, ਨੰਗੇ ਸਿਰ ਹੀ ਸੌਣਗੇ ਅਤੇ ਭੋਗ ਭੁੰਚਣਗੇ। ਗੁਰੂ ਘਰ ਦੀ ਰਹਿਤ ਬਹਿਤ ਇਸ ਪ੍ਰਕਾਰ ਦੀ ਕੁਰਹਿਤ ਰਹਿਣੀ ਤੋਂ ਬਿਬਰਜਤ ਕਰਦੀ ਹੈ। ਗੁਰੂ ਘਰ ਦੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੈ "ਨਾਂਗੇ ਸਿਰ ਭੋਗ ਨਾ ਸੁਪਤਾਏ"। ਇਸੇ ਪ੍ਰਕਾਰ ਹੀ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਨੂੰ ਭੀ ਆਨਮਤੀਆਂ ਦੀ ਰੀਸੇ ਕੁਰੀਸੇ ਨੰਗੇ ਸੀਸ ਲੈ ਕੇ ਬੇਸਵਾਵਾਂ ਦੀ ਨਿਆਈਂ ਖੁਲ੍ਹੇ ਬਜ਼ਾਰਾਂ ਵਿਚ ਨਹੀਂ ਫਿਰਨਾ ਚਾਹੀਦਾ। ਦੋ ਦੋ ਗੁੱਤਾਂ ਲਮਕਾ ਕੇ ਅਨਮਤਣਾਂ ਦੀ ਨਿਆਈਂ ਭੈੜਾ ਰਿਵਾਜ ਧਾਰਨਾ ਗੁਰਮਤਿ ਤੋਂ ਬਹੁਤ ਉਲਟ ਹੈ। ਅੱਜ ਕਲ੍ਹ ਭੈੜਾ ਰਿਵਾਜ ਇਹ ਬੜਾ ਹੀ ਜ਼ੋਰ ਪਕੜਦਾ ਜਾਂਦਾ ਹੈ ਕਿ ਜੋ ਜੋ ਭੈੜਾ ਕਰਤੱਵ ਅਨਮਤਣਾਂ ਕਰਨਗੀਆਂ, ਇਸੀ ਤਰ੍ਹਾਂ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਭੀ ਚਲਣਗੀਆਂ। ਬੁਲ੍ਹੀਆਂ ਨੂੰ ਸੁਰਖ਼ੀਆਂ ਲਾ ਕੇ ਫਿਰਨ ਦੀ ਕੁਵਾਦੀ ਆਮ ਪੈਂਦੀ ਜਾਂਦੀ ਹੈ।

ਗੁਰੂ ਘਰ ਦੀ ਰਹਿਣੀ ਬਹਿਣੀ ਵਾਲੇ ਪੁਸ਼ਾਕੇ ਪਹਿਰਾਵਿਆਂ ਦਾ ਉੱਕਾ ਹੀ ਪ੍ਰੀਤਿਆਗ ਹੋ ਰਿਹਾ ਹੈ। ਗੁਰਬਾਣੀ ਦੇ ਇਸ ਗੁਰਵਾਕ "ਸਾਬਤ ਸੂਰਤਿ ਦਸਤਾਰ ਸਿਰਾ" ਅਨੁਸਾਰ ਸਭ ਗੁਰਮੁਖ ਬੀਬੀਆਂ ਭੈਣਾਂ ਨੂੰ ਸੀਸ

---

✽ ਮਿਰਜ਼ਾ ਮੁਹੰਮਦ ਹਾਰਸੀ ਝੂਠ ਉਤੇ ਚੰਗਾ ਸ਼ਹਿਦ ਸ਼ੱਕਰ ਲਾਉਂਦਾ ਹੈ। ਆਪਣੇ "ਇਬਰਤ ਨਾਮਾ" ਵਿਚ ਕਹਾਣੀ ਘੜਦੈ ਕਿ ਬੰਦਾ ਸਿੰਘ ਨੇ ਅਬਦੁਸੱਮਦ ਖਾਨ ਨੂੰ ਇਕ ਬੜੀ ਵੱਡੀ ਰਕਮ ਦੀ ਪੇਸ਼ਕਸ਼ ਕੀਤੀ, ਤਾਂਕਿ ਉਹ ਉਸ ਨੂੰ ਇਕ ਪਾਸੇ ਬਚ ਕੇ ਨਿਕਲ ਜਾਣ ਦੇਵੇ, ਪਰ ਅਬਦੁਸੱਮਦ ਖ਼ਾਨ ਨੇ ਇੰਜ ਕਰਨਾ ਮਨਜ਼ੂਰ ਨਾ ਕੀਤਾ। ਕੋਈ ਹੋਰ ਸਮਕਾਲੀ ਇਤਿਹਾਸਕਾਰ ਐਸੀ ਗੱਪ ਨਹੀਂ ਉਡਾਉਂਦਾ, ਤੇ ਨਾ ਮਿਰਜ਼ਾ ਹਾਰਸੀ ਦੀ ਪ੍ਰੋੜ੍ਹਤਾ ਹੀ ਕਰਦਾ ਹੈ। ਸਿਰਫ਼ ਫੋਕੀਆਂ ਵਡਿਆਈਆਂ ਨਾਲ ਅਬਦੁਸੱਮਦ ਖਾਨ ਨੂੰ ਲੱਦ ਰਹੇ ਹਨ।


www.AKJ.Org

ਤੇ ਕੇਸ਼ਕੀ (ਦਸਤਾਰ) ਸਜਾਉਣਾ ਲਾਜ਼ਮੀ ਹੈ, ਸਗੋਂ ਇਸ ਤੋਂ ਉਲਟ ਨੰਗੀਆਂ ਬਾਵਰੀਆਂ ਛਡ ਕੇ ਯਾ ਪਟੀਆਂ ਨੂੰ ਤੇਲ ਲਾ ਕੇ ਖੁਲ੍ਹੇ ਵਾਲਾਂ ਨਾਲ ਫਿਰ ਕੇ ਝਾਟਿਆਂ ਵਿਚ ਖੇਹ ਪਵਾਂਦੀਆਂ ਫਿਰਦੀਆਂ ਹਨ। ਜੰਮਦੀਆਂ ਕੁੜੀਆਂ ਦੇ ਸਿਰ ਵਿਚ ਹੀ ਫੂੰਦੇ ਟੰਗ ਕੇ ਟੋਂਗਣੀਆਂ ਪਹਿਨਾਵਣ ਨੂੰ (ਕੁੜੀਆਂ ਮੁੰਡੇ) ਆਨਮਤੀਆਂ ਦੀ ਰੀਸ ਕਰਨ ਨੂੰ ਬੜਾ ਹੀ ਫ਼ਖਰ ਸਮਝਿਆ ਜਾਂਦਾ ਹੈ। ਇਹ ਮਹਾਂ ਮਨਮਤ ਹੈ, ਤਾਂ ਤੇ ਗੁਰਮਤਿ ਗ੍ਰਿਹਸਤ ਦੀ ਰਹਿਣੀ ਬਹਿਣੀ ਰਹਿਣ ਵਾਲੇ ਗੁਰਮੁਖ ਨਰ ਨਾਰੀਆਂ ਨੂੰ ਗੁਰਮੁਖੀ ਪਹਿਰਾਵਾ ਹੀ ਪਹਿਨਣਾ ਉਚਿਤ ਹੈ। ਭੈੜੀ ਮਨ-ਮੰਨੀ ਆਜ਼ਾਦੀ ਵਾਲੇ ਖਾਣੇ ਖਾਣ ਅਤੇ ਪਹਿਰਾਵੇ ਪਹਿਨਣ ਵਾਲਾ ਭਾਵ 'ਖਾਵੰਦਿਆਂ ਪੈਨੰਦਿਆ' ਤੋਂ ਨਹੀਂ ਹੈ। ਗੁਰਮਤਿ ਜੁਗਤੀ ਵਾਲੇ ਪਹਿਰਾਵੇ ਪਹਿਨਣੇ ਅਤੇ ਸਾਦੇ ਮੁਰਾਦੇ ਖਾਣੇ ਖਾਣੇ ਹੀ ਗੁਰਮਤਿ ਕਲਿਆਣ ਮੁਕਤੀ ਦਾ ਅਧਿਕਾਰੀ ਬਣਾ ਸਕਦੇ।

ਗੁਰਮਤਿ ਜੁਗਤੀ ਵਾਲੀ ਹੀ ਪੂਰੀ ਜੁਗਤੀ ਹੱਸਣ, ਖੇਡਣ, ਖਾਣ, ਪਹਿਨਣ ਦੀ ਗੁਰੂ ਘਰ ਵਿਚ ਪਰਵਾਨ ਹੈ। ਖੁਲ੍ਹੀ ਆਜ਼ਾਦੀ ਧਾਰਨ ਕਰਨੀ ਨਿਰੀ ਬਰਬਾਦੀ ਹੈ।

[ਭਾ: ਸਾ; ਰਣਧੀਰ ਸਿੰਘ ਜੀ ਲਿਖਤ "ਗੁਰਮਤਿ ਗੌਰਵਤਾ" ਚੋਂ

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ,੧੦ ਚਿਤਰ ੨੭੨, ਪੰਨੇ,ਸੁੰਦਰ ਦੱਖ) ੧੦-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੂ ਮੇਰੈ ਸੰਗਿ ਸਦਾ ਹੈ ਨਾਲੇ ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੭੫ |
| HAIR—A Divine Gift | 0·40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੭੫ |
| Dawn of Divine wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੨-੦੦ |

## ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੬-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਸਚਖੰਡ ਦਰਸ਼ਨ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਗੁਰਮਤਿ ਰਮਜ਼ਾਂ ੨-੫੦ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |



www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਭਾਈ ਅਮਰੀਕ ਸਿੰਘ ਬੰਬਈ | ੩੫੦-੦੦ | ਸ: ਜਸਬੀਰ ਸਿੰਘ, ਭਲਈ | ੫੦-੦੦ |
| ਭਾਈ ਅਵਤਾਰ ਸਿੰਘ ਅਟਵਾਲ ਪਡਸੇ (ਯੂ ਕੇ) | ੮੫੬-੨੫ | ਭਾਈ ਪ੍ਰੀਤਮ ਸਿੰਘ ਬਜ਼ਾਜ਼ ਅੰਮ੍ਰਿਤਸਰ (ਸਪੁਤਰ | |
| ਭਾਈ ਮਲਕੀਅਤ ਸਿੰਘ ਮੁਹਾਲੀ | ੨੦-੦੦ | ਯਾਦਵਿੰਦਰ ਸਿੰਘ ਨਮਿਤ ਸਮਾਗਮ ਸਮੇਂ) | ੩੩੬-੭੫ |
| ਭਾਈ ਫਕੀਰ ਸਿੰਘ ਫੁਲ ਚੰਡੀਗੜ੍ਹ | ੫੦-੦੦ | ਭਾਈ ਸੁਰਜੀਤ ਸਿੰਘ ਚੰਡੀਗੜ੍ਹ | ੫੦-੦੦ |
| ਭਾਈ ਗੁਰਬਖਸ਼ ਸਿੰਘ ਮੁਹਾਲੀ | ੧੦੦੦-੦੦ | ਗੁਪਤ ਸੇਵਾ | ੩੦-੦੦ |
| ਗੁਪਤ ਸੇਵਾ | ੩੦੦-੦੦ | ਸ: ਹਰਭਜਨ ਸਿੰਘ, ਦਿਲੀ | ੧੦੦-੦੦ |
| ਸ: ਨਿਰੰਜਨ ਸਿੰਘ ਨਵੀਂ ਦਿਲੀ | | ਸ: ਹਰਭਜਨ ਸਿੰਘ, ੮ ਵੀਂ ਦਿਲੀ | ੫੦-੦੦ |
| (ਪਿਤਾ ਦੀ ਯਾਦ ਵਿਚ) | ੨੧੦੦-੦੦ | ਸ: ਦਰਸ਼ਨ ਸਿਘ ਮੁਲੀਆਂਵਾਲ | ੫੦-੦੦ |
| ਸ: ਮੋਹਨ ਸਿੰਘ ਅਮਰਪੁਰੀ | ੨੦੦-੦੦ | ਬੀਬੀ ਸੀਤਲ ਕੌਰ ਸ: ਸੁਰਜੀਤ ਸਿੰਘ ਰੈਡਿੰਗ | ੧੦੦੦-੦੦ |
| ਬੀ: ਜਸਵੰਤ ਕੌਰ, ਸਤਨਾਮ ਕੌਰ, ਸੁਰਿੰਦਰ ਕੌਰ, | | ,, ,, (ਮਦਰਾਸੀ ਪ੍ਰਵਾਰ ਬੀ:ਅਮਰ ਕੌਰ ਲਈ) | ੬੦੦-੦੦ |
| ਸੰਤੋਖ ਕੌਰ ਤੇ ਭਾਈ ਸੋਹਣ ਸਿੰਘ, ਸਲੋਅ | ੨੧੦੦-੦੦ | ਐਮ. ਐਸ. ਵਾਲੀਆ ਅਸਟ੍ਰੇਲੀਆ | ੫੦੦-੦੦ |
| ਸ: ਜਗਤਾਰ ਸਿੰਘ ਤਰਨ ਤਾਰਨ | ੫੦੦-੦੦ | ਭਾਈ ਸਾਧੂ ਸਿੰਘ ਵਰਨਨ (ਕੈਨੇਡਾ) | ੧੬੦੦-੦੦ |
| ਗੁਪਤ ਸੇਵਾ | ੪੦੦-੦੦ | ਗੁਪਤ ਸੇਵਾ | ੨੦੦-੦੦ |
| *Cpl* ਕੁਲਦੀਪ ਸਿੰਘ, ਜਲਾਹਲੀ ਵੈਸਟ | ੩੫੦-੦੦ | ਬੀ:ਬਲਬੀਰ ਕੌਰ,ਜੁਬਲੀ ਭੁੱਜ (ਪੋਤਰੇ ਦੀ ਖੁਸ਼ੀ) | ੨੫੧-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀ: ਬਲਬੀਰ ਕੌਰ ਪਤਨੀ ਭਾ:ਬਲਵਿੰਦਰਸਿੰਘ ਭਨੋਟ ਧਰਮੀ ਫ਼ੌਜੀ— ਕੇਸਾਂ ਦੀ ਪੈਰਵੀ ਅਤੇ ਘਰੇਲੂ ਲੋੜਾਂ | ੭੦੦੦-੦੦ |
| ਬੀ: ਮਨਜੀਤ ਕੌਰ ਪਤਨੀ ਸ਼ਹੀਦ ਪਰਮਜੀਤ ਸਿੰਘ ਘਸੀਟਪੁਰਾ— ਪਤੀ ਸ਼ਹੀਦ, ਪ੍ਰਵਾਰਕ ਲੋੜਾਂ | ੫੦੦੦-੦੦ |
| ਸ:ਬਲਵਿੰਦਰ ਸਿੰਘ ਪੁਤਰ ਸ:ਸੋਹਣਸਿੰਘ ਨੰਗਲ ਲੁਬਾਣਾ— ਪੁਤਰ ਤਸ਼ੱਦਦ ਕਾਰਨ ਨਕਾਰਾ,ਇਲਾਜ ਲਈ | ੫੦੦੦-੦੦ |
| ਬੀ: ਪਰਮਿੰਦਰ ਕੌਰ ਪਤਨੀ ਸ਼ਹੀਦ ਭਾਈ ਹਰਭਜਨ ਸਿੰਘ ਰਸੂਲਪੁਰ— ਪਤੀ ਸ਼ਹੀਦ, ਘਰੇਲੂ ਲੋੜਾਂ | ੫੦੦੦-੦੦ |
| ਬੀ: ਬਲਬੀਰ ਕੌਰ ਪਤਨੀ ਭਾਈ ਸੁਲੱਖਣ ਸਿੰਘ ਕੋਟ ਖਾਲਸਾ ਅੰਮ੍ਰਿਤਸਰ— ਘਰੇਲੂ ਲੋੜਾਂ | ੩੦੦੦-੦੦ |
| ਬੀ: ਗੁਰਦੀਪਕੌਰ ਮਾਤਾ ਭਾ: ਸੁਲੱਖਣ ਸਿੰਘ ਹੇਮਰਾਜਪੁਰ (ਗੁਰਦਾਸਪੁਰ)— ਪੁਤਰ ਲਾ-ਪਤਾ,ਗੁਜ਼ਾਰਾਮੁਸ਼ਕਲ | ੭੦੦੦-੦੦ |
| ਬੀ: ਰਵਿੰਦਰ ਕੌਰ ਪਤਨੀ ਭਾ: ਗਿਆਨ ਸਿੰਘ ਅੰਮ੍ਰਿਤਸਰ— ਪਤੀ ਤਸ਼ੱਦਦ ਕਾਰਨ ਨਕਾਰਾ,ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾ: ਨਰਿੰਦਰ ਸਿੰਘ ਅੰਮ੍ਰਿਤਸਰ— ਤਸ਼ੱਦਦ ਕਾਰਨ ਸਰੀਰ ਨਕਾਰਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ:ਕ੍ਰਿਪਾਲਕੌਰ ਪਤਨੀ ਭਾ: ਮਨਜੀਤ ਸਿੰਘ ਅੰਮ੍ਰਿਤਸਰ— ਪਤੀ ਤਸ਼ੱਦਦ ਕਾਰਨ ਨਕਾਰਾ, ਗੁਜ਼ਾਰਾ ਮੁਸ਼ਕਲ | ੫੮੦੦-੦੦ |
| ਬੀ: ਰੂਪਕੰਵਲਜੀਤ ਕੌਰ ਪਤਨੀ ਭਾਈ ਇੰਦਰਬੀਰ ਸਿੰਘ ਅੰਮ੍ਰਿਤਸਰ— ਪਤੀ ਲਾ-ਪਤਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਅਮਰਜੀਤ ਕੌਰ ਪਤਨੀ ਭਾਈ ਸੁਰਜੀਤ ਸਿੰਘ ਅੰਮ੍ਰਿਤਸਰ— ਪਤੀ ਤਸ਼ੱਦਦ ਕਾਰਨ ਨਕਾਰਾ | ੫੦੦੦-੦੦ |
| ਬੀ: ਹਰਭਜਨ ਕੌਰ ਪਤਨੀ ਭਾਈ ਜਸਬੀਰ ਸਿੰਘ, ਮੰਡੀ ਗੋਬਿੰਦ ਗੜ੍ਹ— ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀ: ਨਰਿੰਦਰ ਕੌਰ ਪੁਤਰੀ ਸ: ਜਗੀਰ ਸਿੰਘ ਨਿਕੀ ਮੱਖੀ (ਅੰਮ੍ਰਿਤਸਰ)— ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੩੦੦੦-੦੦ |
| ਬੀ: ਜੁਗਿੰਦਰਕੌਰ ਪਤਨੀ ਸ:ਸੋਹਣਸਿੰਘ ਰਿਆਲਾ— ਇਕ ਪੁਤਰ ਸ਼ਹੀਦ ੨ ਲਾ-ਪਤਾ, ਗੁਜ਼ਾਰਾ ਮੁਸ਼ਕਲ | ੫੦੦੦-੦੦ |

## ਸੂਰਾ ਮਾਸਕ ਪਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਜਸਵੰਤ ਕੌਰ ਅਜਮੇਰ | ੧੦੦-੦੦ | ਸ: ਉਜਾਗਰ ਸਿੰਘ ਖਾਲਸਾ ਵੈਨਕੋਵਰ | ੧੮੩-੦੦ |
| ਭਾਈ ਓਂਕਾਰ ਸਿੰਘ ਸਾਊਥਹਾਲ ਯੂ ਕੇ | ੪੨੦-੦੦ | ਸ: ਰਣਜੋਧ ਸਿੰਘ ਰੈਡਿੰਗ ਯੂ ਕੇ | ੨੧੦ ੦੦ |
| ਸ: ਗੁਰਬਖਸ਼ ਸਿੰਘ ਮੁਹਾਲੀ | ੨੦੦-੦੦ | ਸ: ਜਸਬੀਰ ਸਿੰਘ ਜਬਲਪੁਰ | ੧੦੦-੦੦ |
| ਸ: ਹਰਭਜਨ ਸਿੰਘ ਲੁਧਿਆਣਾ | ੧੯੬-੦੦ | ਸ: ਜਗਬੀਰ ਸਿੰਘ ਅਨੰਦ, ਜਰਮਨੀ | ੭੨੫-੦੦ |
| ਸ: ਗੁਰਦਿਆਲ ਸਿੰਘ, ਫ਼ਰਾਂਸ | ੧੦੦-੦੦ | ਸ: ਚੈਨ ਸਿੰਘ, ਫ਼ਰਾਂਸ | ੧੦੦-੦੦ |



www.AKJ.Org

# ਦਿੱਲੀ ਵਿਖੇ ਸਾਲਾਨਾ ਕੇਂਦਰੀ ਕੀਰਤਨ ਸਮਾਗਮ

ਸਵੇਰੇ ਅਰੰਭ ੫ ਵਜੇ — ਸ਼ਾਮ ੭ ਤੋਂ ੯

੧੭.੧੦.੯੧ ਗੁਰਦਵਾਰਾ ਰਕਾਬ ਗੰਜ ਸਾਹਿਬ — ਗੁਰਦਵਾਰਾ ਬੰਗਲਾ ਸਾਹਿਬ

੧੮.੧੦.੯੧ ਗੁਰਦਵਾਰਾ ਸੀਸ ਗੰਜ ਸਾਹਿਬ — ਗੁਰਦਵਾਰਾ ਬੰਗਲਾ ਸਾਹਿਬ

੧੯.੧੦.੯੧ ਗੁਰਦਵਾਰਾ ਬੰਗਲਾ ਸਾਹਿਬ — ਰੈਣ ਸਬਾਈ ਕੀਰਤਨ ਰਾਤ ੮ ਵਜੇ ਅਰੰਭ ਗੁ: ਰਕਾਬਗੰਜ ਸਾਹਿਬ

ਅੰਮ੍ਰਿਤ ਸਿੰਚਾਰ ੧੯.੧੦.੯੧ ਸ਼ਾਮ ਛੇ ਵਜੇ ਗੁ: ਰਕਾਬਗੰਜ ਸਾਹਿਬ (੨੦.੧੦.੯੧ ਸਵੇਰੇ ੬ ਵਜੇ ਸਮਾਪਤੀ)

ਰਿਹਾਇਸ਼ ਤੇ ਲੰਗਰ – ਗੁਰੂ ਤੇਗ ਬਹਾਦਰ ਹਾਇਰ ਸਕੈਂਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ

ਪ੍ਰਾਰਥਕ ਦਾਸਰੇ – ਅਖੰਡ ਕੀਰਤਨੀ ਜਥਾ ਦਿਲੀ

---

## ਤਰਨ ਤਾਰਨ ਵਿਖੇ ਬਾਊ ਮੱਲ ਸਿੰਘ ਜੀ ਦੀ ਬਰਸੀ ਸਮੇਂ ਗੁਰਮਤਿ ਸਮਾਗਮ

ਸ੍ਰੀਮਾਨ ਬਾਊ ਮੱਲ ਸਿੰਘ ਜੀ ਦੇ ਗ੍ਰਿਹ ਪਲਾਸੌਰ ਰੋਡ ਤਰਨ ਤਾਰਨ ਵਿਖੇ ੨੫ ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ਕੀਰਤਨ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ, ੨੭ ਅਕਤੂਬਰ ਸਵੇਰ ਨੂੰ ਪਾਠ ਦੇ ਭੋਗ ਉਪ੍ਰੰਤ ਦੁਪਹਿਰ ਤਕ ਅੰਮ੍ਰਿਤ-ਕੀਰਤਨ ਹੋਣਗੇ ਅਤੇ ਉਸੇ ਸਵੇਰ ਤੋਂ ਨਾਲ ਹੀ ਅੰਮ੍ਰਿਤ–ਸਿੰਚਾਰ ਸਮਾਗਮ ਹੋਣਗੇ ।

## ਮੋਗਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ੭ ਤੋਂ ੧੦ ਨਵੰਬਰ–ਵੇਰਵਾ ਨਵੰਬਰ ਸੂਰਾ ਵਿਚ

## ਜਲੰਧਰ ਗਲੀ ਨੰ. ੯ ਮਕਾਨ ਨੰ: ੧੦ ਸੈਂਟ੍ਰਲ ਟਾਊਨ ਵਿਖੇ ਅਖੰਡਪਾਠ ਤੇ ਦਿਵਸ ਸੁਹੇਲਾ ਕੀਰਤਨ

ਭਾਈ ਕੰਵਲਜੀਤ ਸਿੰਘ ਸਪੁਤਰ ਭਾਈ ਸਨਮੁਖ ਸਿੰਘ (ਜਬਲਪੁਰ) ਦੇ ਗ੍ਰਹਿ ੧੩.੧੦ ਨੂੰ ਸਵੇਰ ਤੋਂ ਦੁਪਹਿਰ ਤਕ

## ਮਾਸਕ ਰੈਣ ਸਬਾਈ ਕੀਰਤਨ ਪਿੰਡ ਝਾਂਡੇ (ਲੁਧਿਆਣਾ) ਵਿਖੇ ੧੨ ਅਕਤੂਬਰ ਨੂੰ

| | |
|---|---|
| ਬਠਿੰਡਾ ਭਾਈ ਬਲਬੀਰ ਸਿੰਘ ਓਵਰਸੀਅਰ, ਗਲੀ ਨੰ: ੨੬, ਅਜੀਤ ਰੋਡ, ਰੈਣ ਸਬਾਈ | ੧੨ ਅਕਤੂਬਰ |
| ਮਹਿਤਪੁਰ (ਨਕੋਦਰ) ਸਮਰਾਵਾ ਮਹੱਲਾ, ਭਾਈ ਸੁਖਦੇਵ ਸਿੰਘ ਫੌਜੀ, ਰੈਣ ਸਬਾਈ | ੧੨ ਅਕਤੂਬਰ |
| ਚੰਡੀਗੜ੍ਹ, ੪੧੫–ਸੈਕਟਰ ੪੩ ਏ, ਭਾਈ ਫ਼ਕੀਰ ਸਿੰਘ ਫੁਲ, ਰੈਣ ਸਬਾਈ | ੨੬ ਅਕਤੂਬਰ |
| ਗੋਨਿਆਨਾ (ਬਠਿੰਡਾ) ਗੁ: ਸੰਤ ਭਾਈ ਸੁਹੇਲ ਸਿੰਘ ਨਵੀਂ ਬਸਤੀ, ਰੈਣ ਸਬਾਈ | ੨੬ ਅਕਤੂਬਰ |
| ਸ਼ਾਹ ਕੋਟ (ਜਲੰਧਰ) ਗੁ: ਸ੍ਰੀ ਗੁਰੂ ਸਿੰਘ ਸਭਾ, ਰੈਣ ਸਬਾਈ ਕੀਰਤਨ | ੨ ਨ ਬਰ |
| ਰੋਪੜ, ੪੦੨–ਗਿ: ਜੈਲ ਸਿੰਘ ਨਗਰ, ਸੂਬੇਦਾਰ ਪਿਆਰਾ ਸਿੰਘ, ਅਖੰਡਪਾਠ, ਰੈਣ ਸਬਾਈ | ੨ ਨਵੰਬਰ |
| ਫ਼ਿਰੋਜ਼ਪੁਰ ਛਾ:, ਖਾਲਸਾ ਗੁਰਦਵਾਰਾ, ਪਾ: ੮ ਗੁਰ-ਗਦੀ ਦਿਵਸ ਸੰਬੰਧੀ ਰੈਣ ਸਬਾਈ | ੨ ਨਵੰਬਰ |
| ਭੀਲੋਵਾਲ (ਅੰਮ੍ਰਿਤਸਰ-ਮਹਿਤਾ ਰੋਡ, ਸ: ਜੋਗਿੰਦਰ ਸਿੰਘ, ਸ੍ਰੀ ਅਖੰਡਪਾਠ ਤੇ ਕੀਰਤਨ | ੩ ਨਵੰਬਰ ਸਵੇਰੇ |
| ਬਠਿੰਡਾ, ਆਦਰਸ਼ ਨਗਰ, ਭਾ: ਕੰਵਲਜੀਤ ਸਿੰਘ N.F.L ਵਾਲੇ ਭੋਗ ਅਖੰਡਪਾਠ ਤੇ ਕੀਰਤਨ | ੩ ਨਵੰਬਰ ਸਵੇਰ |

---

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਗੁਰਮਤਿ ਸਮਾਗਮ

(1) 12.10.91 ਕੀਰਤਨ ਰੈਣ ਸਬਾਈ ਗੁਰਦਵਾਰਾ ਗੁਰੂ ਨਾਨਕ ਸਿਖ ਟੈਂਪਲ, ਵੈਸਟ ਬ੍ਰਾਮਵਿਚ ਸਟਰੀਟ, ਕਾਰਲਡਮੋਰੇ, ਵਾਲ ਸਾਲ, ਮਿਡਲੈਂਡ । ਗੁਰਦਵਾਰਾ ਫ਼ੋਨ 0922-22199
ਵਧੇਰੇ ਜਾਣਕਾਰੀ – ਭਾਈ ਨਰਿੰਦਰ ਸਿੰਘ ਫ਼ੋਨ 0922-4 3558


(2) 18 ਤੋਂ 20 ਅਕਤੂਬਰ ਸ੍ਰੀ ਅਖੰਡਪਾਠ ਭਾਈ ਰਮਿੰਦਰ ਸਿੰਘ, 51-*Combe Road, Tilehurst, Berks Reading U.K.* ਦੇ ਗ੍ਰਿਹ, ਫ਼ੋਨ 0734-452480

( ) 26,10.91 ਕੀਰਤਨ ਰੈਣ ਸਬਾਈ ਗੁਰਦਵਾਰਾ (ਸਿਖ ਟੈਂਪਲ) ਪ੍ਰਾਸਪੈਕਟ ਸਟਰੀਟ, ਨੇੜੇ ਫ਼ਾਇਰ ਸਟੇਸ਼ਨ, ਹਡਰਸ-ਫ਼ੀਲਡ, ਯੂ. ਕੇ. ਗੁਰਦਵਾਰਾ ਫ਼ੋਨ 0484-23773
ਵਧੇਰੇ ਜਾਣਕਾਰੀ ਜਥੇਦਾਰ ਭਾਈ ਦੀਦਾਰ ਸਿੰਘ ਫ਼ੋਨ 0484-545165

(4) ਇੰਟਰਨੈਸ਼ਨਲ ਪ੍ਰੋਗਰਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਗੱਦੀ ਨਦੇੜ—8 ਤੋਂ 10 ਨਵੰਬਰ ਸ੍ਰੀ ਅਖੰਡਪਾਠ ਉਪ੍ਰੰਤ ਕੀਰਤਨ ਬਰਖਾ ਗੁਰਦਵਾਰਾ (ਸਿਖ ਟੈਂਪਲ)98-100 ਨਿਊ ਸਟਰੀਟ, ਲਮਿੰਗਟਨ ਸਪਾ ਯੂ.ਕੇ, ਗੁਰਦਵਾਰਾ ਫ਼ੋਨ 0926-424297, ਸਾਰੇ ਸਮਾਗਮਾਂ ਦੀ ਸੇਵਾ ਸ: ਬਚਨ ਸਿੰਘ ਤੇ ਪਰਵਾਰ ਵਲੋਂ, ਫ਼ੋਨ 0926-424296,
ਭਾ: ਜਰਨੈਲ ਸਿੰਘ ਫ਼ੋਨ 0926-330008

(5) ਧਰਮ-ਪਰਚਾਰ ਫੇਰੀ 9.9.91 ਤੋਂ 1-.10.91 ਤਕ, ਭਾਈ ਜੀਵਨ ਸਿੰਘ ਜੀ ਅਮਰੀਕਾ ਤੋਂ ਮਲੇਸ਼ੀਆ, ਅਸਟਰੇਲੀਆ, ਸਿੰਘਾਪੁਰ ਆਦਿ ਮੁਲਕਾਂ ਵਿਚ ਨਾਮ-ਕੀਰਤਨ ਦੀਆਂ ਧੁਨੀਆਂ ਲਾਉਣ ਲਈ ਪੁਜ ਰਹੇ ਹਨ ।
ਹਰ ਤਰ੍ਹਾਂ ਦੀ ਜਾਣਕਾਰੀ ਲਈ ਭਾਈ ਗੁਰਨਾਮ ਸਿੰਘ, ਰੈਡਿੰਗ, ਫ਼ੋਨ 0734-267900

www.AKJ.Org



ਉਪ੍ਰੋਕਤ ਫੋਟੋ ਇਕ ਪੁਰਾਤਨ ਕੀਰਤਨ-ਸਮਾਗਮ ਦੀ ਹੈ। ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਾਲ ਕਾਫ਼ੀ ਪੁਰਾਤਨ ਸਿੰਘ ਸਜੇ ਹਨ, ਜਿਨ੍ਹਾਂ ਵਿਚ ਪ੍ਰਮੁਖ ਤੌਰ ਤੇ ਭਾਈ ਨੌਹਰੀਆ ਸਿੰਘ ਜੀ, ਭਾਈ ਸਜਨ ਸਿੰਘ ਜੀ, ਭਾਈ ਸੰਤਾ ਸਿੰਘ ਜੀ, ਭਾਈ ਆਤਮਾ ਸਿੰਘ ਜੀ (ਪੰਜੋਖਰਾ), ਭਾਈ ਮਿਹਰ ਸਿੰਘ ਜੀ, ਭਾਈ ਤਾਰਾ ਸਿੰਘ ਜੀ, ਭਾਈ ਦਿਆਲਾ ਸਿੰਘ ਜੀ, ਭਾਈ ਪ੍ਰੀਤਮ ਸਿੰਘ ਜੀ ਚਾਨੀ ਸ਼ਾਮਲ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਭਾਈ ਹਰਕਿਸ਼ਨ ਸਿੰਘ ਜੀ 'ਜਾਨ ਸੁਖਾਲਾ' ਦੂਜੇ ਵਾਜੇ ਤੇ ਪੋਥੀ ਤੋਂ ਕੀਰਤਨ ਕਰ ਰਹੇ ਹਨ। ਉਪ੍ਰੋਕਤ ਨੂੰ ਮੁਖ ਰਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਪਿਛਲੀ ਕੁਝ ਦੇਰ ਤੋਂ ਕੁਝ ਸਜਣਾਂ ਵਲੋਂ ਪੋਥੀ-ਕੀਰਤਨ ਬਾਰੇ ਛੇੜਿਆ ਵਾਦ ਵਿਵਾਦ ਬੇਲੋੜਾ ਹੈ।



www.AKJ.Org